# ਅੰਮ੍ਰਿਤ ਕੀਰਤਨ

ਅੰਕ 5 ਸਾਲ ਚੌਥਾ ਮਈ 1992




ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਅੰਕ 5 ਸਾਲ ਚੌਥਾ ਮਈ 1992

ੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
.. ਕਰਨੈਲ ਸਿੰਘ ਸੋਮਲ
ਰਭਜਨ ਸਿੰਘ ਚੌਪੜਾ
'ਕੁਲਦੀਪ ਸਿੰਘ
.. ਸਤਵਿੰਦਰ ਸਿੰਘ
ਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422 ਸੈਕਟਰ 15 ਏ
.. .ਗੜ੍ਹ-160015
ਨ : 24660

ੇ ਦਾ ਵੇਰਵਾ
ਕਾਪੀ 5 ਰੁਪਏ
ਸਾਲਾਨਾ 50 ਰੁਪਏ
ਮੈਂਬਰ 500 ਰੁਪਏ
ਸ਼ ਸਾਲਾਨਾ 300 ਰੁਪਏ
ਨ ਮੈਂਬਰ 3000 ਰੁਪਏ

**ਵਿਸ਼ਾ** **ਪੰਨਾ**

1. ਤੁਹਾਡੇ ਪੱਤਰ 4
2. ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ ਡਾ. ਜਾਗੀਰ ਸਿੰਘ 7
3. ਪੰਜਾਬ ਵਿਚ ਧਾਰਮਕ ਸੰਗੀਤ ਦੀ ਪਰੰਪਰਾ —ਡਾ. ਦੇਵਿੰਦਰ ਸਿੰਘ ਵਿਦਿਆਰਥੀ 11
4. ਸੰਗੀਤ ਸਿੱਖਿਆ : ਸੰਗੀਤ, ਦਾਨ ਅਤੇ ਸ਼ਰੁਤੀ 17
5. ਸੰਗੀਤ-ਕੁਝ ਇਤਿਹਾਸਕ ਤੇ ਮਿਥਿਹਾਸਕ ਕਹਾਣੀਆਂ —ਫੂਲਾਂ ਰਾਣੀ ਆਰਟਿਸਟ 19
6. ਆਸਾ ਦੀ ਵਾਰ ਦਾ ਲੜੀਵਾਰ ਵੀਚਾਰ —ਪ੍ਰੇਮ ਸਿੰਘ 'ਪ੍ਰੇਮ' 23
7. ਰਾਗਾਂ ਦੇ ਮੁੱਖ ਅੰਗ (ਭਾਗ ਦੂਜਾ) —ਬੇਦੀ ਲਾਲ ਸਿੰਘ ਸਾਹਿਤਕਾਰ 26
8. ਰਾਗ ਸਾਰੰਗ-ਸ਼ਬਦ-ਅਰਥ ਤੇ ਸੁਰ ਲਿਪੀ — ਕਰਨਬੀਰ ਕੌਰ 29
9. ਗੁਰਬਾਣੀ ਸੰਗੀਤ ਤੇ ਗੁਰਮਤਿ ਸਮਾਚਾਰ —ਪ੍ਰੋ. ਸਤਿੰਦਰਜੀਤ ਕੌਰ

: ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਈ ਪ੍ਰਵਾਨਿਤ ਹੈ।

# ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਬਾਰੇ

ਸਤਿਕਾਰ ਯੋਗ ਮੇਜਰ ਸਾਹਿਬ,

ਮੈਨੂੰ ਡਾ. ਜਾਗੀਰ ਸਿੰਘ ਜੀ ਦੀ ਇਕ ਚਿੱਠੀ ਤੋਂ ਪਤਾ ਲੱਗਾ ਹੈ ਕਿ ਤੁਹਾਡੇ ਦਿਲ ਨੂੰ ਮੇਰਾ ਭਾਈ ਚਾਂਦ ਵਾਲਾ ਲੇਖ ਪੜ੍ਹ ਕੇ ਬੜੀ ਠੇਸ ਪੁਜੀ ਹੈ ਅਤੇ ਤੁਸੀਂ ਉਸ ਵਿਚ ਆਪਣੇ ਪਿਤਾ ਜੀ ਸਬੰਧੀ ਦਿੱਤੀ ਰਾਈ ਟੂਕ ਨਾਲ ਅਸਹਿਮਤੀ ਵੀ ਰੱਖਦੇ ਹੋ। ਇਤਿਹਾਸ ਅਤੇ ਇਨਸਾਫ ਦੇ ਤਕਾਜ਼ਿਆਂ ਨੂੰ ਮੁਖ ਰੱਖਦਿਆਂ, ਉਨ੍ਹਾਂ ਮੇਰੇ ਪਾਸੋਂ ਇਹ ਵੀ ਮੰਗ ਕੀਤੀ ਹੈ ਕਿ ਮੈਂ ਵਰਤੇ ਗਏ ਕਥਨ ਦੇ ਸੋਮੇ ਬਾਰੇ ਵੀ ਚਾਨਣ ਪਾਵਾਂ।

ਜੇਕਰ ਅਜਿਹਾ ਹੋਇਆ ਹੈ ਤਾਂ ਮੈਂ ਤੁਹਾਡੇ ਪਾਸੋਂ ਮੁਆਫੀ ਮੰਗਦਾ ਹਾਂ। ਅਸਲ ਵਿਚ ਖਤ ਪੜ੍ਹ ਕੇ ਮੇਰਾ ਦਿਲ ਵੀ ਬੜਾ ਖਰਾਬ ਹੋਇਆ ਕਿ ਖਬਰੇ ਕੁਝ ਪਾਠਕ ਹਾਲੇ ਵੀ ਮੈਨੂੰ ਇਕ ਅਜਿਹਾ ਗੈਰਜ਼ੁੰਮੇਵਾਰ ਲੇਖਕ ਸਮਝਦੇ ਹਨ ਜਿਹੜਾ ਕਿਸੇ ਵੀ ਕਾਰਨ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਿਹਾ ਹੈ।

ਸਭ ਤੋਂ ਪਹਿਲਾਂ ਮੈਂ ਆਪ ਜੀ ਦੇ ਪੂਜਯ ਪਿਤਾ ਭਾਈ ਹੀਰਾ ਸਿੰਘ ਜੀ ਬਾਰੇ ਸੰਖਿਪਤ ਰੂਪ ਵਿਚ ਆਪਣੇ ਵਿਚਾਰ ਸਪਸ਼ਟ ਤੌਰ ਤੇ ਪੇਸ਼ ਕਰਦਾ ਹਾਂ। ਉਨ੍ਹਾਂ ਨੂੰ ਸਾਡੇ ਪਿਤਾ ਜੀ ਨੇ ਐਬਟਾਬਾਦ ਜਾਂ ਕੋਇਟੇ ਕਈ ਵੇਰ ਸੁਣਿਆ। ਉਹ ਉਨ੍ਹਾਂ ਬਾਰੇ ਬੜਾ ਕੁਝ ਦੱਸਦੇ ਹੁੰਦੇ ਸਨ। ਮੈਨੂੰ ਉਹ ਸਾਰਾ ਕੁਝ ਤਾਂ ਯਾਦ ਨਹੀਂ, ਪਰ ਹਾਂ ਉਨ੍ਹਾਂ ਦੀਆਂ ਗੱਲਾਂ ਬਾਤਾਂ ਤੋਂ ਇਹ ਲਗਦਾ ਹੁੰਦਾ ਸੀ ਕਿ ਕੁਝ ਅਜਿਹਾ ਕਹਿਣਾ ਚਾਹੁੰਦੇ ਹੋਣ ਕਿ ਵਿਆਖਿਆ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਅਤੇ ਉਨ੍ਹਾਂ ਦੀ ਜ਼ੁਬਾਨ ਵਿਚ ਐਨਾ ਜਾਦੂ ਸੀ ਕਿ ਉਹ ਪੱਥਰ ਤੋਂ ਪੱਥਰ ਦਿਲਾਂ ਨੂੰ ਵੀ ਮੋਮ ਬਣਾ ਦੇਣ ਦੀ ਸਮਰੱਥਾ ਰੱਖਦੇ ਸਨ। ਪਿਛੋਂ ਉਨ੍ਹਾਂ ਬਾਰੇ ਮੈਂ ਕੁਝ ਹੋਰ ਵੀ ਪੜਤਾਲਾਂ ਕੀਤੀਆਂ ਅਤੇ ਪਿਤਾ ਜੀ ਦੀਆਂ ਕਹੀਆਂ ਬਹੁਤੀਆ ਗੱਲਾਂ ਠੀਕ ਪ੍ਰਤੀਤ ਹੋਈਆਂ। ਉਨ੍ਹਾਂ ਬਾਰੇ ਕੁਝ ਸਤਰਾਂ ਲਿਖਣ ਨੂੰ ਕਈ ਵੇਰ ਦਿਲ ਕੀਤਾ ਹੈ, ਪਰ ਸਦਾ ਹੀ ਇੰਜ ਹੀ ਜਾਪਿਆ ਜਿਵੇਂ ਉਨ੍ਹਾਂ ਦੀ ਉੱਚਤਾ ਅਤੇ ਵਡਿਆਈ ਮੇਰੀ ਕਮਜ਼ੋਰ ਕਲਮ ਦੇ ਕਾਬੂ ਨਹੀਂ ਆਉਣੀ। ਖਾਸ ਕਰਕੇ ਸਿੱਖ ਪੰਥ ਨੂੰ ਉਨ੍ਹਾਂ ਦੀ ਦੇਣ ਕਿਹੜੇ ਸ਼ਬਦਾਂ ਵਿਚ ਬਿਆਨ ਕਰੋਗੇ। ਲਗਦਾ ਹੈ ਜਿਵੇਂ ਇਸ ਸਦੀ ਵਿਚ ਓਡਾ ਵੱਡਾ ਵਿਆਖਿਆਕਾਰ ਅਜੇ ਤੱਕ ਕੋਈ ਹੋਰ ਪੈਦਾ ਨਹੀਂ ਹੋਇਆ।

ਰਿਹਾ ਟੂਕ ਦੇ ਹਵਾਲੇ ਬਾਰੇ। ਵੱਡੇ ਰਾਗੀਆਂ ਰਬਾਬੀਆਂ ਸਬੰਧੀ ਜਦ ਕਦੇ ਵੀ ਮੌਕਾ ਜੁੜਿਆ, ਮੇਰੀ ਅਨੇਕ ਪੁਰਾਣੇ ਬਜ਼ੁਰਗਾਂ ਨਾਲ ਗਾਹੇ ਬਗਾਹੇ ਗੱਲ ਬਾਤ ਚਲਦੀ ਰਹੀ ਹੈ। ਜਿਸ ਵਿਚ ਉਸਤਾਦ ਕਰਮ ਸਿੰਘ ਚੱਕਰਵਰਤੀ ਅਤੇ ਗਿਆਨੀ ਮਾਨ ਸਿੰਘ ਝੌਰ ਆਦਿ ਦੇ ਨਾਂ ਖਾਸ ਤੌਰ ਤੇ ਵਰਨਣਯੋਗ ਹਨ।

ਦਿੱਤੀਆਂ ਗਈਆਂ ਟੂਕਾਂ ਤੁਸੀਂ ਸਿੰਘ ਸਭਾ ਪੱਤ੍ਰਿਕਾ ਦੇ ਮਾਰਚ 1978 ਦੇ 196 ਤੇ ਪੜ੍ਹ ਸਕਦੇ ਹੋ। ਸਿੰਘ ਸਭਾ ਪੱਤ੍ਰਿਕਾ ਦਾ ਹੀ ਜੇਕਰ ਭਾਈ ਹੀਰਾ ਸਿੰਘ

ਅੰਕ ਭੇਜਵਾ ਸਕੋ ਤਾਂ ਲੇਖ ਲਿਖਣ ਵਿਚ ਮੈਨੂੰ ਕਾਫੀ ਮਦਦ ਮਿਲ ਸਕੇਗੀ ਕਿਉਂਕਿ ਲਿਖਣ ਲੱਗਿਆਂ ਮੈਂ ਮੱਖੀ ਤੇ ਮੱਖੀ ਮਾਰੀ ਜਾਣ ਦੇ ਹੱਕ ਵਿਚ ਨਹੀਂ। ਉਨ੍ਹਾਂ ਦੀਆਂ ਕੁਝ ਤਸਵੀਰਾਂ ਵੀ ਭੇਜਵਾ ਦੇਣੀਆਂ। ਪੰਜਾਬੀ ਦੇ ਪੁਰਾਣੇ ਰਾਗੀਆਂ ਰਬਾਬੀਆਂ ਬਾਰੇ ਇਕ ਕਿਤਾਬ ਛਾਪਣ ਦੀ ਗੰਭੀਰਤਾ ਨਾਲ ਸੋਚ ਰਿਹਾ ਹਾਂ।

ਆਸ ਹੈ ਇਸ ਨਾਲ ਤੁਹਾਡੇ ਥੋੜੇ ਬਹੁਤ ਸ਼ੰਕੇ ਨਵਿਰਤ ਹੋ ਜਾਣਗੇ।

ਬਲਬੀਰ ਸਿੰਘ ਕੰਵਲ

★ ਆਪ ਜੀ ਦਾ ਮਾਸਕ ਪੱਤਰ ਅੰਮ੍ਰਿਤ ਕੀਰਤਨ ਮਾਰਚ 1992 ਅੰਕ ਪੁਜਾ—ਧੰਨਵਾਦੀ ਹਾਂ ਇਸ ਵਿਚ ਛਪੇ ਭਾਈ ਚਾਂਦ ਰਬਾਬੀ ਬਾਰੇ ਲੇਖ ਦੇ ਸੰਬੰਧ ਵਿਚ ਹੇਠ ਲਿਖੇ ਤਥ ਆਪ ਦੀ ਨਜ਼ਰ ਗੋਚਰਾ ਹਨ :—

1. ਭਾਈ ਚਾਂਦ ਦਾ ਜਨਮ ਕੰਵਲ ਜੀ ਨੇ 1905 ਦਾ ਲਿਖਿਆ ਹੈ ਪਰ ਮੇਰੀ ਪੁਛ ਪੜਤਾਲ ਅਨੁਸਾਰ 1910 ਦਾ ਹੈ ਜੋ ਸ੍ਰੀ ਅੰਮ੍ਰਿਤਸਰ ਤੋਂ ਆਈ ਸੂਚਨਾ ਮੁਤਾਬਕ ਭਾਈ ਚਾਂਦ ਦੇ ਗੁਰ-ਭਾਈ ਹਕੀਮ ਅਮਰੀਕ ਸਿੰਘ ਰੀਟਾਇਰਡ ਤਹਿਸੀਲਦਾਰ ਦੀ ਜ਼ਬਾਨੀ ਦੱਸਿਆ ਗਿਆ ਹੈ।

★ ਕੰਵਲ ਜੀ ਨੇ ਭਾਈ ਹੀਰਾ ਸਿੰਘ ਜੀ ਦੀ ਜਿਸ ਮਨੋਕਲਪਤ ਕਥਨ ਦਾ ਜ਼ਿਕਰ ਕੀਤਾ ਹੈ ਉਸ ਦਾ ਆਧਾਰ ਉਨ੍ਹਾਂ ਨੇ 'ਸਿੰਘ ਸਭਾ ਪਤ੍ਰਿਕਾ' ਮਾਰਚ 1978 ਦਾ ਦਿੱਤਾ ਹੈ। ਇਸ ਦੇ ਲਿਖਾਰੀ ਸਰਦਾਰ ਸ: ਸ: ਅਮੋਲ ਜੀ ਦਾ ਧਿਆਨ ਉਦੋਂ ਹੀ ਇਸ ਗਲਤ ਬਿਆਨੀ ਵੱਲ ਦਿਵਾਇਆ ਗਿਆ ਸੀ। ਅਮੋਲ ਜੀ ਨੇ ਉਸ ਦੇ ਉਤਰ ਵਿਚ ਆਪਣੀ ਚਿੱਠੀ 24/78 ਮਿਤੀ 8-4-78 ਵਿਚ ਭੁਲ ਮੰਨੀ ਸੀ। ਉਨ੍ਹਾਂ ਦੇ ਕੁਝ ਸ਼ਬਦ ਹੇਠ ਲਿਖੇ ਹਨ।

"ਆਪ ਜੀ ਦੀ 25-3-78 ਦੀ ਚਿੱਠੀ ਪੁਜੀ। ਬਹੁਤ ਬਹੁਤ ਧੰਨਵਾਦ ਮੈਨੂੰ ਅਫਸੋਸ ਹੈ ਕਿ ਮੇਰੇ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਬਾਬਤ ਲਿਖੇ ਸ਼ਬਦਾਂ ਵਿਚੋਂ ਕੋਈ ਇਹੋ ਜਿਹੀ ਬੋ ਵੀ ਆ ਸਕਦੀ ਹੈ। ਘੱਟੋ ਘੱਟ ਮੈਂ ਇਸ ਵਿਚਾਰ ਨਾਲ ਨਹੀਂ ਲਿਖੇ। ਫਿਰ ਵੀ ਮੈਂ ਤੁਹਾਡੇ ਹਿਰਦੇ ਨੂੰ ਇਹੋ ਜਿਹੀ ਤਕਲੀਫ ਦੇਣ ਲਈ ਸਨਿਮਰ ਖਿਮਾਂ ਦਾ ਜਾਚਕ ਹਾਂ।"

"ਉਂਜ ਵੀ ਮੇਰੀ ਬਚਪਨ ਦੀ ਯਾਦ ਹੈ। ਹੋ ਸਕਦਾ ਹੋ ਕਿ ਮੈਂ ਕੁਝ ਗੱਲਾਂ ਵਧਾ ਘਟਾ ਗਿਆ ਹੋਵਾਂ ਜਾਂ ਭਾਈ ਸਾਹਿਬ ਨੇ 8ਵੀਂ 10ਵੀਂ ਵਿਚ ਪੜ੍ਹਦੇ ਇਕ ਬੱਚੇ ਨੂੰ ਫਰਕ ਸਮਝਾਣ ਲਈ ਸਾਧਾਰਨ ਜਿਹਾ ਜਵਾਬ ਦਿੱਤਾ ਹੋਵੇ। ਇਹ ਵੀ ਸੰਭਵ ਹੈ ਕਿ ਕੋਈ ਭੁਲੇਖਾ ਹੀ ਖਾ ਗਿਆ ਹੋਵਾਂ।"

★ ਅਮੋਲ ਜੀ ਦੀ ਉਮਰ ਉਨ੍ਹਾਂ ਦੀ ਜ਼ਬਾਨੀ ਦੂਰ-ਦਰਸ਼ਨ ਤੇ 16-4-92 ਸ਼ਾਮ ਨੂੰ ਦਿੱਤੀ ਇੰਟਰਵਿਊ ਅਨੁਸਾਰ 85 ਵਰ੍ਹੇ ਦੀ ਹੈ। ਉਹ 8ਵੀਂ 10ਵੀਂ ਵਿਚ 1920-22 ਵਿਚ ਪੜ੍ਹਦੇ ਹੋਣਗੇ। ਉਦੋਂ ਭਾਈ ਚਾਂਦ ਜੀ ਦੀ ਉਮਰ ਕੰਵਲ ਜੀ ਦੀ ਲਿਖਤ ਅਨੁਸਾਰ 15, 16 ਵਰ੍ਹੇ ਦੀ ਤੇ ਸਾਡੀ ਖੋਜ ਅਨੁਸਾਰ 10, 11 ਦੀ ਹੀ ਹੋਵੇਗੀ, ਜਦੋਂ ਉਹ ਭਾਈ

ਲਾਲ ਨਾਲ ਤਬਲੇ ਦਾ ਸਾਥ ਹੀ ਦਿੰਦੇ ਹੋਣਗੇ ਤੇ ਸੁਤੰਤਰ ਕੀਰਤਨੀ ਜਥਾ ਭੀ ਨਹੀਂ ਸੀ ਬਣਾਇਆ ਹੋਇਆ। ਭਾਈ ਚਾਂਦ ਜੀ ਦਰਬਾਰ ਸਾਹਿਬ ਦੀ ਸੇਵਾ ਵਿਚ 1934 ਵਿਚ ਹੀ ਆਏ ਸਨ ਜੋ ਭਾਈ ਹੀਰਾ ਸਿੰਘ ਜੀ ਦੇ ਚਲਾਣੇ 1926 ਤੋਂ ਅੱਠ ਸਾਲ ਮਗਰੋਂ ਦੀ ਗੱਲ ਹੈ।

ਭਾਈ ਹੀਰਾ ਸਿੰਘ ਜੀ ਦਾ ਜਨਮ 1879 ਦਾ ਸੀ ਤੇ ਇਸ ਤਰ੍ਹਾਂ ਉਹ ਭਾਈ ਚਾਂਦ ਨਾਲੋਂ 31 ਸਾਲ ਵੱਡੇ ਸਨ। ਜਿਸ ਸਮੇਂ ਭਾਈ ਹੀਰਾ ਸਿੰਘ ਜੀ ਇਕ ਪ੍ਰਸਿੱਧ ਹਸਤੀ ਗਿਣੇ ਜਾਂਦੇ ਸਨ ਤਾਂ ਭਾਈ ਚਾਂਦ ਅਜੇ ਬਾਲਕ ਹੀ ਸੀ। ਭਾਈ ਹੀਰਾ ਸਿੰਘ ਜੀ ਦਾ ਅਕਾਲ ਚਲਾਣਾ 1926 ਵਿਚ ਹੋਇਆ ਸੀ ਪਰ ਸਰੀਰਕ ਖੇਚਲ ਕਾਰਨ ਕੀਰਤਨ ਦੀ ਸੇਵਾ 1924 ਤੋਂ ਹੀ ਘੱਟ ਕਰ ਦਿੱਤੀ ਸੀ। ਉਨ੍ਹਾਂ ਦੇ ਚਲਾਣੇ ਤੱਕ 1926 ਤੱਕ ਤਾਂ ਭਾਈ ਚਾਂਦ ਕੀਰਤਨ ਦੇ ਖੇਤਰ ਵਿਚ ਅਜੇ ਨਜ਼ਰ ਭੀ ਨਹੀਂ ਸੀ ਆਉਂਦੇ।

ਭਾਈ ਸੰਤਾ ਸਿੰਘ ਸੁਰਜਨ ਸਿੰਘ ਆਦਿ ਭਾਈ ਹੀਰਾ ਸਿੰਘ ਜੀ ਦੇ ਹੱਥਾਂ ਵਿਚ ਜੰਮੇ, ਪਲੇ, ਕੀਰਤਨ ਸਿਖੇ ਤੇ ਵੱਡੇ ਹੋਏ। ਭਾਈ ਸਮੁੰਦ ਸਿੰਘ ਜੋ ਉਦੋਂ ਕਾਕਾ ਸਮੁੰਦ ਸਿੰਘ ਕਹਿਲਾਂਦੇ ਸਨ ਤੇ ਖਾਸ ਭਾਈ ਹੀਰਾ ਸਿੰਘ ਜੀ ਦੇ ਵਰੋਸਾਏ ਹੋਏ ਸਨ ਹੁਣ ਅਗਰ ਇਨ੍ਹਾਂ ਦਾ ਭਾਈ ਚਾਂਦ ਸਮੇਤ, ਭਾਈ ਹੀਰਾ ਸਿੰਘ ਨਾਲ ਮੁਕਾਬਲਾ ਕਰਨਾ ਸ਼ੁਰੂ ਕਰ ਦੇਈਏ ਤਾਂ ਕਿਤਨਾ ਹਾਸੋ ਹੀਣਾ ਲਗਦਾ ਹੈ। ਸਾਨੂੰ ਇਹ ਮਨੋਕਲਪਤ ਮੁਕਾਬਲੇ ਪੜ੍ਹਕੇ ਦੁੱਖ ਹੁੰਦਾ ਹੈ।

ਇਸ ਤੋਂ ਇਲਾਵਾ ਮੇਰੀਆਂ ਆਪਣੀਆਂ ਪੁਰਾਣੀਆਂ ਯਾਦਾਂ ਇਸ ਪ੍ਰਕਾਰ ਹਨ :—

ੳ) ਮੇਰਾ ਜਨਮ 1911 ਦਾ ਹੈ ਤੇ ਭਾਈ ਚਾਂਦ ਤਕਰੀਬਨ ਮੇਰਾ ਹਮ ਉਮਰ ਸੀ, ਜਦ 1921-22 ਵਿਚ ਮੈਂ ਭਾਈ ਸਾਂਈ ਦਿੱਤਾ ਰਬਾਬੀ ਦੇ ਕੀਰਤਨ ਵਿਦਿਆਲੇ ਵਿਚ ਗਾਇਨ ਸਿੱਖਦਾ ਸਾਂ। ਭਾਈ ਚਾਂਦ ਭੀ ਉਦੋਂ ਉਨ੍ਹਾਂ ਦਾ ਸ਼ਗਿਰਦ ਸੀ।

ਅ) ਉਪ੍ਰੋਕਤ ਵਿਦਿਆਲਾ ਉਦੋਂ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਗਊ ਘਾਟ ਦੇ ਪੌਣੇ ਦੇ ਪਿਛਲੇ ਪਾਸੇ ਇਕ ਬੁੰਗੇ ਵਿਚ ਸੀ ਤੇ ਇਹ ਬੁੰਗਾ ਘੰਟਾ ਘਰ ਅਤੇ ਅਖਾੜਾ ਬ੍ਰਹਮ ਬੁੰਗਾ ਦੇ ਵਿਚਕਾਰ ਸੀ।

ੲ) ਭਾਈ ਸਾਂਈ ਦਿਤਾ ਦਾ ਪੁੱਤਰ ਭਾਈ ਦੇਸਾ, ਜੋ ਮਗਰੋਂ ਆਪਣੇ ਪਿਤਾ ਦੇ ਨਾਲ ਕੀਰਤਨ ਦਾ ਸਾਥੀ ਬਣਿਆ ਸੀ, ਉਹ ਸਾਥੋਂ ਪੰਜ ਛੇ ਸਾਲ ਵੱਡਾ ਸੀ ਪਰ ਅਜੇ ਉਸ ਦੀ ਭੀ ਦਾੜ੍ਹੀ ਮੁੱਛ ਨਹੀਂ ਸੀ ਆਈ। ਭਾਈ ਸਾਂਈ ਦਿਤਾ ਦੀ ਗੈਰਹਾਜ਼ਰੀ ਵਿਚ ਭਾਈ ਦੇਸਾ ਸਾਨੂੰ ਸਿੱਖਿਆ ਦੇਂਦਾ ਹੁੰਦਾ ਸੀ।

ਸ) ਭਾਈ ਸਾਂਈ ਦਿੱਤਾ ਉਦੋਂ ਸੈਂਟਰਲ ਖਾਲਸਾ ਯਤੀਮਖਾਨੇ ਵਿਚ ਭੀ ਕੀਰਤਨ ਸਿਖਾਂਦਾ ਸੀ। ਭਾਈ ਸੰਤਾ ਸਿੰਘ ਸੁਰਜਨ ਸਿੰਘ ਅਜੇ ਬਾਲਕ ਸਨ ਤੇ ਸਿਖਦੇ ਸਨ। ਇਹ ਸੇਵਾ ਭਾਈ ਲਾਲ ਨੇ ਭੀ ਉਥੇ ਨਿਭਾਈ ਸੀ ਤੇ ਅਕਸਰ ਯਤੀਮਖਾਨੇ ਵਿਚ ਕੀਰਤਨ ਮਾਸਟਰ ਦੀ ਨਿਯੁਕਤੀ ਭਾਈ ਹੀਰਾ ਸਿੰਘ ਜੀ ਹੀ ਕਰਵਾਉਂਦੇ ਸਨ। ਉਹ ਚੀ: ਖਾ: ਦੀ: ਦੇ ਮੈਂਬਰ ਸਨ। ਭਾਈ ਲਾਲ ਤੇ ਭਾਈ ਸਾਂਈ ਦਿਤਾ ਤਕਰੀਬਨ ਹਮ ਉਮਰ ਸਨ

ਤੇ ਭਾਈ ਹੀਰਾ ਸਿੰਘ ਦੇ ਸਮਕਾਲੀ ਗਿਣੇ ਜਾ ਸਕਦੇ ਹਨ ਜਦ ਕਿ ਭਾਈ ਚਾਂਦ ਅਗਲੀ ਪੀੜ੍ਹੀ ਵਿਚੋਂ ਸੀ। ਭਾਈ ਸੰਤਾ ਸਿੰਘ ਸਰਵਨ ਸਿੰਘ ਹਰ ਐਤਵਾਰ ਸੁਬਾ ਬਾਬਾ ਅਟੱਲ ਸਾਹਿਬ ਦੀ ਬਾਹਰਲੀ ਪ੍ਰਕਰਮਾ ਵਿਚ ਆਸਾ ਦੀ ਵਾਰ ਲਗਾਂਦੇ ਸਨ।

ਹ) ਭਾਈ ਚਾਂਦ ਨੇ ਕੀਰਤਨ ਦੀ ਸੇਵਾ 1928-29 ਤੋਂ ਬਾਦ ਹੀ ਸ਼ੁਰੂ ਕੀਤੀ ਲੱਗਦੀ ਹੈ ਕਿਉਂ ਜੋ ਮੈਂ ਉਨ੍ਹਾਂ ਨੂੰ ਖਾਲਸਾ ਕਾਲਜ ਦੇ ਵਿਦਿਆਰਥੀ ਹੁੰਦਿਆਂ 1928-32 ਦੌਰਾਨ ਹੀ ਕਿਸੇ ਸਮੇਂ ਸੁਣਿਆ ਸੀ ਤੇ ਇਹ ਭਾਈ ਹੀਰਾ ਸਿੰਘ ਦੇ ਚਲਾਣੇ (1926) ਤੋਂ ਢੇਰ ਚਿਰ ਮਗਰੋਂ ਦੀ ਗੱਲ ਹੈ। ਸ੍ਰੀ ਦਰਬਾਰ ਸਾਹਿਬ ਦੀ ਸੇਵਾ ਵਿਚ ਉਹ 1934 ਵਿਚ ਆਏ ਸਨ।

ਕ) ਸੰਨ 1939 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸੌ ਸਾਲਾ ਬਰਸੀ ਦੇ ਸੰਬੰਧ ਵਿਚ ਉਹ ਪਿਸ਼ਾਵਰ ਆਏ ਸਨ ਤਾਂ ਭਰ ਜੁਆਨੀ ਦੀ ਅਵਸਥਾ ਵਿਚ ਸਨ। ਮੈਂ ਉਦੋਂ ਉਥੇ ਸਰਵਿਸ ਕਰਦਾ ਸੀ। ਉਦੋਂ ਉਨ੍ਹਾਂ ਦੇ ਕੀਰਤਨ ਦੀ ਚੰਗੀ ਧੁੰਮ ਪਈ ਹੋਈ ਸੀ। 30 ਕੁ ਵਰ੍ਹਿਆਂ ਦੇ ਲਗਦੇ ਸਨ। ਦਾੜ੍ਹੀ ਘੱਟ ਕਾਲੀ ਸੀ।

ਵੀਚਾਰ ਦੀ ਗੱਲ ਹੈ ਕਿ ਭਾਈ ਹੀਰਾ ਸਿੰਘ ਜੀ ਜੋ ਉਦੋਂ ਇਕ ਸੁਲਝੇ ਹੋਏ ਤੇ ਮੰਨੇ ਪ੍ਰਮੰਨੇ ਪੰਥ ਸੇਵਕ ਸਨ, ਉਨ੍ਹਾਂ ਨੂੰ ਕੀ ਲੋੜ ਸੀ ਕਿ ਉਸ ਬਾਲਕ ਬਾਰੇ 'ਕਥਨ' ਕਹਿੰਦੇ ਫਿਰਦੇ ? ਤੇ ਹੁਣ 66 ਵਰ੍ਹੇ ਬਾਦ ਉਸ ਲੜਕੇ ਦੀ ਉਦੋਂ ਦੀ ਕਾਬਲੀਅਤ ਦਾ ਮੁਕਾਬਲਾ ਉਦੋਂ ਦੀ ਭਾਈ ਹੀਰਾ ਸਿੰਘ ਦੀ ਸਖਸੀਅਤ ਨਾਲ ਕਰਨਾ ਕਿਤਨਾ ਕੁ ਜਾਇਜ਼ ਹੈ ?

ਭਾਈ ਹੀਰਾ ਸਿੰਘ ਜੀ ਹਰੇਕ ਰਾਗੀ ਪ੍ਰਚਾਰਕ ਲਈ ਸਦ ਭਾਵਨਾ ਰੱਖਦੇ ਸਨ ਤੇ ਉਨ੍ਹਾਂ ਦੇ ਮੂੰਹੋਂ ਕਦੇ ਕਿਸੇ ਲਈ ਮੰਦਾ ਸ਼ਬਦ ਨਹੀਂ ਸੀ ਨਿਕਲਿਆ। ਨਾ ਹੀ ਉਹ ਕਿਸੇ ਨਾਲ ਮੁਕਾਬਲਾ ਕਰਨਾ ਪਸੰਦ ਕਰਦੇ ਸਨ। ਉਨ੍ਹਾਂ ਦੇ ਸਮਕਾਲੀ, ਪ੍ਰਸਿੱਧ ਕੀਰਤਨੀਏ, ਭਾਈ ਸੁਧ ਸਿੰਘ ਜੀ (1882-1922) ਨੇ ਇਕ ਥਾਂ ਲਿਖਿਆ ਸੀ,—'ਇਕੋ ਗੁਰ ਸੋਹਲਾ ਗਾਉਣ ਵਾਲੇ, ਇਕੋ ਗੁਰ ਦਰਬਾਰਾਂ ਵਿਚ ਸਟੇਜ ਤੇ ਬੈਠਕੇ ਗੁਰਬਾਣੀ ਦਾ ਕੀਰਤਨ ਕਰਨ ਵਾਲੇ ਆਪਸ ਵਿਚ ਕਈ ਵੇਰ ਮਤਸਰ ਈਰਖਾ ਰੱਖਦੇ ਹਨ ..ਖਾਹ ਮਖਾਹ ਦਵੈਸ਼ ਭਾਵਨਾ ਵਿਚ ਦੇਖੇ ਜਾਂਦੇ ਹਨ ..ਪਰ ਭਾਈ ਹੀਰਾ ਸਿੰਘ ਰਾਗੀ ਮੈਂ ਦੇਖਿਆ ਸੀ, ਜੋ ਸਭ ਰਾਗੀਆਂ, ਗ੍ਰੰਥੀਆਂ, ਪ੍ਰਚਾਰਕਾਂ, ਕਥਾ ਕਰਨ ਵਾਲੇ ਸੰਤਾਂ, ਗਿਆਨੀਆਂ ਨਾਲ ਸਦਾ ਪਿਆਰ ਕਰਦਾ, ਸਤਿਕਾਰ ਕਰਦਾ ਤੇ ਭਲਾ ਮਨਾਉਂਦਾ ਸੀ।" (ਖਾਲਸਾ ਸਮਾਚਾਰ 30. 8. 1951)

ਦੂਜੀ ਗੱਲ ਭਾਈ ਹੀਰਾ ਸਿੰਘ ਜੀ ਵਿਚ ਨਿਮ੍ਰਤਾ ਤੇ ਨਿਰਮਾਣਤਾ ਕੁੱਟ ਕੁੱਟ ਕੇ ਭਰੀ ਹੋਈ ਸੀ ਤੇ ਜਿਉਂ ਜਿਉਂ ਉਨ੍ਹਾਂ ਦਾ ਮਾਣ ਸਤਿਕਾਰ ਪੰਥ ਵਿਚ ਵੱਧਦਾ ਗਿਆ, ਤਿਉਂ ਤਿਉਂ ਨਿਮ੍ਰਤਾ ਤੇ ਮਿਠਾਸ ਵੀ ਵਧੇਰੇ ਹੁੰਦੀ ਗਈ। ਉਹ ਆਪਣੇ ਆਪ ਨੂੰ ਪੰਥ ਦਾ ਇਕ ਅਦਨਾ ਜਿਹਾ ਸੇਵਕ ਸਮਝਦੇ ਸਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਝੰਡਾ ਥਾਂ ਥਾਂ ਜਾ ਗੱਡਣਾ ਆਪਣਾ ਮਿਸ਼ਨ ਤਸੱਵਰ ਕਰਦੇ ਸਨ। ਆਪਣੀਆਂ ਲਿਖਤਾਂ ਵਿਚ

(ਬਾਕੀ ਸਫਾ 10 ਤੇ)

# ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ

—ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

**ਗਉੜੀ :**—ਗਉੜੀ ਰਾਗ ਵਿਚ ਸਾਰੇ ਗੁਰੂ ਕਵੀਆਂ ਨੇ ਗੰਭੀਰ ਵਿਸ਼ਿਆਂ ਨਾਲ ਸੰਬੰਧਤ ਕਾਵਿ ਰਚਨਾ ਕੀਤੀ ਹੈ। ਇਸ ਵਿਚ ਮਨੁੱਖ ਦੀ ਅਸਲੀਅਤ, ਬ੍ਰਹਮ, ਆਤਮਾ, ਪ੍ਰਕ੍ਰਿਤੀ ਅਤੇ ਭਗਤੀ ਬਾਰੇ ਦਾਰਸ਼ਨਿਕ ਪੱਧਰ ਦੇ ਸਿਧਾਂਤਕ ਵਿਚਾਰ ਪ੍ਰਗਟ ਕੀਤੇ ਹਨ। ਡਾ. ਤਾਰਨ ਸਿੰਘ ਇਸ ਰਾਗ ਦੀ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਲਿਖਦੇ ਹਨ, "ਗੁਰੂ ਨਾਨਕ ਸਾਹਿਬ ਨੇ 'ਭੈ' ਤੇ 'ਭਗਤੀ' ਦਾ ਸੰਬੰਧ ਦੱਸਿਆ ਹੈ, ਓਹ ਨ ਮੂਆ ਜੋ ਰਹਿਆ ਸਮਾਇ' ਤੇ ਜ਼ੋਰ ਦਿੱਤਾ ਹੈ, 'ਪਾਪ ਪੁੰਨੁ ਬੀਜ ਕੀ ਪੇਟ' ਦਾ ਚੇਤਾ ਕਰਾਇਆ ਹੈ, 'ਤਰਵਰ ਪੰਖੀ ਬਹੁ ਨਿਸਿ ਬਾਸਾ' ਦੀ ਅਸਲੀਅਤ ਪ੍ਰਗਟ ਕੀਤੀ ਹੈ। ਗੁਰੂ ਅਮਰਦਾਸ ਜੀ ਨੇ 'ਗੁਰ ਮਿਲਿਐ ਸਭ ਸਤਿ ਬੁਧਿ ਹੋਈ', ਕਰਮ ਹੋਵੈ ਸਤਸੰਗਿ ਮਿਲਾਏ,' 'ਮਨ ਮਾਰੇ ਧਾਤੁ ਮਰਿ ਜਾਇ,' ਹਉਮੈ ਵਿਚਿ ਸਭ ਜਗ ਬਉਰਾਨਾ', 'ਏਕਸ ਤੇ ਸਭਿ ਰੂਪ ਹਰਿ ਰੰਗਾ', 'ਗੁਰ ਸੇਵਾ ਜੁਗ ਚਾਰੇ ਹੋਈ' ਦੇ ਸਿਧਾਂਤ ਦਰਸਾਏ ਹਨ। ਗੁਰੂ ਅਰਜਨ ਸਾਹਿਬ ਨੇ ਸੁਖਮਨੀ ਤੇ ਬਾਵਨ ਅਖਰੀ ਵਿਚ ਫਿਲਾਸਫੀ ਨੂੰ ਕਾਵਿ ਰੂਪ ਵਿਚ ਪੇਸ਼ ਕੀਤਾ ਹੈ।[1]"

ਇਸ ਰਾਗ ਦੀ ਬਾਣੀ ਵਿਚ ਤੱਤ-ਗਿਆਨ ਅਤੇ ਆਤਮ ਗਿਆਨ ਦੇ ਚਾਨਣੇ ਵਿਚ ਸਰੀਰ, ਜਗਤ ਅਤੇ ਬ੍ਰਹਮ ਦਾ ਵਰਨਣ ਕੀਤਾ ਗਿਆ ਹੈ। ਜਿੱਥੇ ਗਿਆਨ ਹੈ ਉਥੇ ਚੰਚਲਤਾ ਨਹੀਂ ਹੋ ਸਕਦੀ। ਇਸ ਲਈ ਇਸ ਰਾਗ ਵਿਚ ਗੁਰੂ ਕਵੀਆਂ ਦਾ ਅਨੁਭਵ ਸ਼ਾਂਤ ਭਰਪੂਰ ਹੈ। ਅਜਿਹੇ ਅਨੁਭਵ ਨੂੰ ਪ੍ਰਗਟ ਕਰਨ ਲਈ ਰਾਗ ਗਉੜੀ ਇਕ ਅਨੁਕੂਲ ਰਾਗ ਹੈ।

ਇਸ ਰਾਗ ਵਿਚ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਸੁਰਾਂ ਦਾ ਪ੍ਰਯੋਗ ਹੁੰਦਾ ਹੈ। ਇਸ ਲਈ ਇਹ ਰਾਗ ਕਰੁਣ ਅਤੇ ਸ਼ਾਂਤ ਭਾਵਾਂ ਨੂੰ ਪ੍ਰਗਟ ਕਰਨ ਲਈ ਸਹਾਇਕ ਹੁੰਦਾ ਹੈ। ਗਉੜੀ ਰਾਗ ਵਿਚ ਗੰਭੀਰਤਾ ਦੇ ਭਾਵ ਪ੍ਰਗਟ ਕਰਨ ਦੀ ਵਿਸ਼ੇਸ਼ ਸ਼ਕਤੀ ਹੈ। ਭਾਰਤੀ ਸੰਗੀਤ ਕੋਸ਼ ਅਨੁਸਾਰ ਪੰਜ ਗਾਇਨ ਗੀਤ ਪਦਤੀਆਂ ਸੁਧਾ, ਭਿੰਨਾ, ਗੌੜੀ, ਵਸੇਰਾ ਜਾਂ ਵੇਗਸਰਾਂ ਅਤੇ ਸਧਾਰਣੀ ਵਿਚ ਗਉੜੀ ਤੀਜੇ ਥਾਂ ਤੇ ਹੈ। ਗੌੜੀ ਬਾਰੇ ਦੱਸਿਆ ਹੈ...ਗੰਭੀਰ, ਮੰਦਰ, ਮੱਧ, ਤਾਰ ਦੇ ਸਥਾਨ ਤੇ ਠੀਕ ਗਮਕ ਭਰਪੂਰ ਅਤੇ ਅਖੰਡ ਗੀਤ ਹੈ।

ਧਰੁਪਦ ਗਾਇਨ ਵਿਚ ਇਕ ਗੌੜਹਾਰ ਬਾਣੀ ਪ੍ਰਚਲਿਤ ਹੈ। ਇਸ ਬਾਰੇ ਲਿਖਿਆ ਹੈ...ਸਰਲ ਅਤੇ ਗੰਭੀਰ ਗੀਤ ਵਿਚ ਇਸ ਬਾਣੀ ਦਾ ਵਿਵਹਾਰ ਹੁੰਦਾ

ਹੈ ।[2] ਗੁਰਬਾਣੀ ਦੀ ਗੰਭੀਰਤਾ ਅਤੇ ਗਉੜੀ ਰਾਗ ਦੇ ਅਨੁਕੂਲ ਹੋਣ ਦਾ ਪਤਾ ਇਥੋਂ ਵੀ ਲੱਗਦਾ ਹੈ ਕਿ ਇਸ ਰਾਗ ਦੀ ਬਾਣੀ ਨਾਲ ਰਬਾਬ ਸਾਜ ਪ੍ਰਯੋਗ ਕੀਤਾ ਜਾਂਦਾ ਹੈ ।[3]

ਇਸ ਰਾਗ ਦੀ ਬਾਣੀ ਵਿਚ ਕਈ ਥਾਈਂ ਸੰਜੋਗ-ਸ਼ਿੰਗਾਰ ਅਤੇ ਵਿਜੋਗ ਸ਼ਿੰਗਾਰ ਦੇ ਭਾਵਾਂ ਦਾ ਪ੍ਰਦਰਸ਼ਨ ਵੀ ਹੋਇਆ ਹੈ ਜਿਵੇਂ :—

ਸੰਜੋਗ-ਸ਼ਿੰਗਾਰ :

ਮੇਰੀ ਇਛ ਪੁਨੀ ਜੀਉ ਹਮ ਘਰ ਸਾਜਨ ਆਇਆ ।
ਮਿਲਿ ਵਰੁ ਨਾਰੀ ਮੰਗਲ ਗਾਇਆ ।[4]

ਵਿਜੋਗ ਸ਼ਿੰਗਾਰ :

ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ।
ਕਿਉਂ ਧੀਰੇਗੀ ਨਾਹ ਬਿਨ ਪ੍ਰਭ ਵੇਪਰਵਾਹੇ ।[5]

ਇਹ ਭਾਵ ਵੀ ਗਉੜੀ ਰਾਗ ਵਿਚ ਪ੍ਰਗਟ ਹੋ ਸਕਦੇ ਹਨ । ਇਸ ਰਾਗ ਨਾਲ ਪੁਰਾਤਨ ਕਾਲ ਵਿਚ ਅਤੇ ਆਧੁਨਿਕ ਕਾਲ ਵਿਚ ਸ਼ਿੰਗਾਰ ਦੇ ਭਾਵ ਵੀ ਸੰਬੰਧਤ ਕੀਤੇ ਜਾਂਦੇ ਰਹੇ ਹਨ। ਪੁਰਾਤਨ ਕਾਲ ਦੇ ਸੰਗੀਤ ਗ੍ਰੰਥ ਸੰਗੀਤ ਦਰਪਣ[6] ਵਿਚ ਗਉੜੀ ਰਾਗ ਦਾ ਜਿਹੜਾ ਭਾਵ ਚਿੱਤਰ ਵਰਣਨ ਕੀਤਾ ਗਿਆ ਹੈ ਉਹ ਸ਼ਿੰਗਾਰਕ ਹੈ ਅਤੇ ਆਧੁਨਿਕ ਕਾਲ ਦੇ ਵਿਦਵਾਨ ਡਾ: ਦਿਨੇਸ਼ ਚੰਦਰ ਵੀ ਇਸ ਰਾਗ ਨੂੰ ਸ਼ਿੰਗਾਰ ਰਸ ਦਾ ਪ੍ਰਤੀਕ ਮੰਨਦੇ ਹਨ ।[7] ਇਸ ਲਈ ਇਹ ਰਾਗ ਜਿੱਥੇ ਗੰਭੀਰ ਭਾਵਾਂ ਲਈ ਢੁੱਕਵਾਂ ਹੈ ਉਥੇ ਸ਼ਿੰਗਾਰ ਦੇ ਭਾਵਾਂ ਨੂੰ ਪ੍ਰਗਟਾਉਣ ਦੇ ਅਨੁਕੂਲ ਵੀ ਹੈ ।

**ਰਾਗ ਆਸਾ** :—ਆਸਾ ਰਾਗ ਦੀ ਬਾਣੀ ਵਿਚ ਆਸ਼ਾਵਾਦੀ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਹੋਇਆ ਹੈ । ਇਸ ਬਾਣੀ ਵਿਚ ਸੁਸਤੀ ਨੂੰ ਦੂਰ ਕਰ ਕੇ ਉਤਸ਼ਾਹਤ ਕਰਨ ਦੇ ਭਾਵ ਪ੍ਰਬਲ ਹਨ :—

—ਉਦਮੁ ਕਰਹੁ ਵਡਭਾਗੀ ਹੋ ਸਿਮਰਹੁ ਹਰਿ ਹਰਿ ਰਾਇ ।[8]
—ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ ।[9]

ਉਠਿ ਵੰਞੁ ਵਟਾਉੜਿਆ ਤੇ ਕਿਆ ਚਿਰੁ ਲਾਇਆ ।[10]

ਇਸ ਰਾਗ ਵਿਚ ਆਸ਼ਾਵਾਦੀ ਭਾਵਾਂ ਦੇ ਨਾਲ ਨਾਲ ਗੁਰੂ ਸਾਹਿਬਾਨ 'ਆਸਾ' ਸ਼ਬਦ ਦਾ ਪ੍ਰਯੋਗ ਚੰਗੀ ਅਤੇ ਮਾੜੀ 'ਆਸਾ' ਵਾਸਤੇ ਪ੍ਰਯੋਗ ਕਰਦੇ ਹਨ । ਉਸ ਆਸ ਦਾ ਖੰਡਨ ਕੀਤਾ ਹੈ ਜਿਹੜੀ ਮਨੁੱਖ ਨੂੰ ਰਸ ਤਲ ਵੱਲ ਲੈ ਜਾਂਦੀ ਹੈ । 'ਆਸਾ' ਸ਼ਬਦ ਇਸ ਰਾਗ ਦੀ ਬਾਣੀ ਵਿਚ ਬਹੁਤ ਪ੍ਰਯੋਗ ਹੋਇਆ ਹੈ :—

—"ਖਾਣ ਜੀਵਣ ਕੀ ਬਹੁਤੀ ਆਸ ।[11]"
—ਆਸਾ ਮਨਸਾ ਦੋਉ ਬਿਨਾਸਤ ਤ੍ਰਿਹ ਗੁਣ ਆਸ ਨਿਰਾਸ ਭਈ ।[12]
—ਆਸ ਨਿਰਾਸੀ ਤਉ ਸੰਨਿਆਸੀ ।[13]

## ਫੁੱਟ ਨੋਟ ਤੇ ਹਵਾਲੇ

1. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ ਪੰਨਾ 73
2. ਵਿਮਲਾ ਕਾਂਤ ਰਾਇ ਚੌਧਰੀ, ਭਾਰਤੀਯ ਸੰਗੀਤ ਕੋਸ਼, ਪੰਨਾ 30-31
3. —ਉਹੀ ਪੰਨਾ 10
4. ਆਦਿ ਗ੍ਰੰਥ, ਪੰਨਾ 242
5. ਉਹੀ—ਪੰਨਾ 24
6. ਦਮੋਦਰ ਪੰਡਤ, ਸੰਗੀਤ ਦਰਪਣ, ਪੰਨਾ 92
7. ਭਗਤੀ ਕਾਲੀਨ ਕਾਵਯ ਮੇਂ ਰਾਗ ਔਰ ਰਸ, ਪੰਨਾ 112
8. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 456
9. ਉਹੀ— ਪੰਨਾ 460
10. ਉਹੀ ਪੰਨਾ 459
11. ਗੁਰੂ ਨਾਨਕ, ਆਦਿ ਗ੍ਰੰਥ, ਪੰਨਾ 354
12. ਉਹੀ ਪੰਨਾ 356
13. ਉਹੀ ਪੰਨਾ 356

(ਚਲਦਾ)

---

(ਸਫਾ 7 ਦੀ ਬਾਕੀ)

ਉਹ ਆਪਣੇ ਆਪ ਨੂੰ 'ਗੁਰ ਪੰਥ ਦਾ ਕੂਕਰ' ਤੇ 'ਗੁਰੂ ਪੰਥ ਦਾ ਢਾਡੀ' ਆਦਿ ਕਰਕੇ ਲਿਖਿਆ ਕਰਦੇ ਸਨ। (ਅਮੋਲ ਹੀਰਾ ਪੰਨਾ 187)

ਅੰਤ ਵਿਚ ਮੈਨੂੰ ਐਸਾ ਲੱਗਦਾ ਹੈ ਕਿ ਕੰਵਲ ਜੀ ਨੂੰ ਭਾਈ ਹੀਰਾ ਸਿੰਘ ਜੀ ਦੇ ਜੀਵਨ ਸਮਾਚਾਰ ਪੜ੍ਹਨ ਦਾ ਕਦੇ ਇਤਫਾਕ ਨਹੀਂ ਹੋਇਆ।

ਬਲਵੰਤ ਸਿੰਘ

ਸਪੁੱਤਰ ਭਾਈ ਸਾਹਿਬ ਭਾਈ ਹੀਰਾ ਸਿੰਘ

# ਖਿਮਾ

ਮਾਰਚ 92 ਵਾਲੇ ਅੰਕ ਵਿਚ ਸ: ਬਲਬੀਰ ਸਿੰਘ ਕੰਵਲ ਦੇ ਭਾਈ ਚਾਂਦ ਵਾਲੇ ਲੇਖ ਵਿਚ ਭਾਈ ਹੀਰਾ ਸਿੰਘ ਰਾਗੀ ਬਾਰੇ ਲਿਖੀਆਂ ਸਤਰਾਂ ਇਤਿਹਾਸਕ ਪੱਖ ਤੋਂ ਠੀਕ ਨਹੀਂ ਹਨ। ਇਨ੍ਹਾਂ ਸਤਰਾਂ ਨਾਲ ਕਈ ਸੱਜਣਾਂ ਨੂੰ ਖੇਦ ਹੋਇਆ ਹੈ। ਉਸਦਾ ਸਾਨੂੰ ਅਫਸੋਸ ਹੈ ਤੇ ਅਸੀਂ ਖਿਮਾਂ ਦੇ ਜਾਚਕ ਹਾਂ।

ਲੇਖਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਲੇਖਾਂ ਵਿਚ ਦਿੱਤੀਆਂ ਟੂਕਾਂ ਬਾਰੇ ਪੂਰਾ ਹਵਾਲਾ ਦੇਣ ਦੀ ਕਿਰਪਾ ਕਰਨ। —ਸੰਪਾਦਕ

# ਪੰਜਾਬ ਵਿਚ ਧਾਰਮਿਕ ਸੰਗੀਤ ਦੀ ਪ੍ਰੰਪਰਾ

(ਡਾ.) ਦੇਵਿੰਦਰ ਸਿੰਘ 'ਵਿਦਿਆਰਥੀ'

(ਪਿਛਲੇ ਅੰਕ ਤੋਂ ਅੱਗੇ)

ਉਦੀਚੀ ਦੇਸ਼ ਆਪਣੀ ਭਾਸ਼ਾ ਦੀ ਸ਼ੁੱਧਤਾ ਅਤੇ ਵਿਦਵਤਾ ਲਈ ਪ੍ਰਸਿੱਧ ਸੀ। ਦੂਰ ਦੂਰ ਤੋਂ ਲੋਕੀ ਭੀ ਭਾਸ਼ਾ ਦੀ ਸਿੱਖਿਆ ਲਈ ਇਸ ਖੇਤਰ ਵਿਚ ਆਉਂਦੇ ਸਨ। ਉਦੀਚੀ ਪੰਡਿਤ ਵਿਦਿਆ ਸਿਖਾਉਂਦੇ ਵੀ ਬੜੇ ਪ੍ਰੇਮ ਅਤੇ ਚਾਉ ਨਾਲ ਸਨ। ਜਦੋਂ ਕੋਈ ਇਨ੍ਹਾਂ ਪੰਡਿਤਾਂ ਪਾਸੋਂ ਪੜ੍ਹ ਕੇ ਜਾਂਦਾ ਸੀ ਤਾਂ ਲੋਕੀ ਇਕੱਠੇ ਜੁੜ ਕੇ ਉਸ ਨੂੰ ਗੱਲ ਕਹਿਦਿਆਂ ਸੁਣਨ ਲਈ ਆਉਂਦੇ ਹੁੰਦੇ ਸਨ ਤਾਂ ਜੋ ਸੁਚੱਜੀ ਗੱਲ ਬਾਤ ਦਾ ਕੁਝ ਪਾਰ ਉਨ੍ਹਾਂ ਨੂੰ ਵੀ ਲੱਗ ਸਕੇ। ਪੂਰਬ ਵਿਚ ਜਿੱਥੇ ਵਰਾਤਯ ਲੋਕਾਂ ਦੀ ਗਿਣਤੀ ਬਹੁਤੀ ਸੀ, ਆਰੀਆਈ ਰਹੁ-ਰੀਤਾਂ ਅਤੇ ਚੰਗੀ ਭਾਸ਼ਾ ਦੀ ਘਾਟ ਹੁੰਦੀ ਸੀ, ਜਿਸ ਕਾਰਨ ਉਨ੍ਹਾਂ ਲੋਕਾਂ ਨੂੰ ਅਦੀਖਿਅਤ ਕਿਹਾ ਜਾਂਦਾ ਸੀ ਅਤੇ ਕਹਿੰਦੇ ਹੁੰਦੇ ਸਨ ਕਿ ਅਦੀਖਿਅਤ ਬੋਲੇਗਾ ਤਾਂ ਭੈੜਾ (ਦੁਰੁਕਤ) ਬੋਲੇਗਾ।[10]

ਬ੍ਰਾਹਮਣ ਗ੍ਰੰਥਾਂ ਵਿਚ ਕਿਸੇ ਪ੍ਰਕਾਰ ਦੀ ਦੱਖਣ-ਵਾਸੀ ਆਰੀਆਈ ਸਭਿਅਤਾ ਦਾ ਕੋਈ ਉਲੇਖ ਨਹੀਂ ਮਿਲਦਾ। ਸ਼ਾਇਦ ਤਦੋਂ ਇਹ ਖੇਤਰ ਆਦਿ-ਵਾਸੀਆਂ, ਬਣ-ਵਾਸੀਆਂ ਅਤੇ ਨਿਸ਼ਾਧਾ ਆਦਿ ਦੀ ਵਸੋਂ ਦਾ ਹੀ ਦੇਸ਼ ਹੋਵੇ ਜਾਂ ਫੇਰ ਗੈਰ ਆਰੀਆਈ ਭਾਸ਼ਾ ਬੋਲਦੇ ਲੋਕਾਂ ਦਾ ਦੇਸ਼ ਹੋਵੇਗਾ। ਅੱਜ ਭੀ ਇਸ ਦੇਸ਼ ਵਿਚ ਜੋ ਲੋਕ ਵਸਦੇ ਹਨ ਉਨ੍ਹਾਂ ਵਿਚ ਬਹੁ ਗਿਣਤੀ ਦ੍ਰਾਵੜੀ ਭਾਸ਼ਵਾਂ ਬੋਲਣ ਵਾਲਿਆਂ ਦੀ ਹੀ ਦੇਖੀ ਜਾਂਦੀ ਹੈ। ਇਸੇ ਪ੍ਰਕਾਰ ਇਨ੍ਹਾਂ ਲੋਕਾਂ ਦਾ ਧਰਮ ਅਤੇ ਧਰਮ-ਕਰਮ ਦਾ ਸੰਕਲਪ ਵੀ ਵੱਖਰਾ ਹੀ ਰਿਹਾ ਹੋਵੇਗਾ। ਧਰਮ ਵੱਖਰਾ ਹੋਵੇਗਾ ਤਾਂ ਉਸ ਦੇ ਗੀਤ-ਸੰਗੀਤ ਵਿਚ ਵੀ ਜ਼ਰੂਰ ਕੋਈ ਨਾ ਕੋਈ ਅੰਤਰ ਰਿਹਾ ਹੋਵੇਗਾ, ਵੈਸੇ ਉਸ ਸਮੇਂ ਦੇ ਕਿਸੇ ਉਤਰੀ ਅਤੇ ਦੱਖਣੀ ਸੰਗੀਤ ਦੇ ਵੱਖ ਵੱਖ ਹੋਣ ਦਾ ਕੋਈ ਪ੍ਰਮਾਣ ਨਹੀਂ ਮਿਲਦਾ।

ਬੁੱਧ ਅਤੇ ਜੈਨ ਧਰਮ ਦੇ ਪ੍ਰਕਾਸ-ਵਿਕਾਸ ਦ ਨਾਲ ਧਰਮ ਖੇਤਰ ਵਿਚ ਇਕ ਇਨਕਲਾਬ ਆ ਗਿਆ। ਬੁੱਧ ਦੇ ਇਸ ਕਥਨ ਨੇ ਕਿ ਮੇਰੇ ਵਿਚਾਰਾਂ ਨੂੰ ਲੋਕ ਆਪਣੀ ਆਪਣੀ ਭਾਸ਼ਾ ਵਿਚ ਹੀ ਪੜ੍ਹਨ ਸਮਝਣ ਇਕ ਪ੍ਰਕਾਰ ਨਾਲ ਵਿਚਾਰ ਅਤੇ ਕਲਾ ਦੇ ਖੇਤਰੀ ਸੋਮਿਆਂ ਨੂੰ ਆਪਣੀ ਆਜ਼ਾਦ ਹਸਤੀ ਥਾਪਣ ਦੀ ਸ਼ਹਿ ਮਿਲੀ। ਪੰਜਵੀਂ ਸਦੀ ਈਸਾ ਪੂਰਬ ਦੇ ਲਾਗੇ ਪੰਜਾਬੀਆਂ ਦਾ ਵਾਹ ਯੂਨਾਨੀਆਂ ਨਾਲ ਪੈਣ ਲੱਗਾ। ਦੱਸਿਆ ਗਿਆ ਹੈ ਕਿ ਬਹੁਤ ਸਾਰੇ ਪੰਜਾਬੀ ਯੂਨਾਨੀ ਫੌਜਾਂ ਵਿਚ ਭਰਤੀ ਹੋਣ ਲੱਗ ਪਏ ਸਨ। ਉਹ ਅਸ਼ਮੀਨੀ ਸ਼ਹਿਨਸ਼ਾਹਾਂ ਅਤੇ ਸਿਕੰਦਰ-ਦਾਰਾਂ ਦੀਆਂ ਲੜਾਈਆਂ ਵਿਚ ਸ਼ਾਮਿਲ ਸਨ।[1]

ਇਨ੍ਹਾਂ ਕਾਰਨਾਂ ਨੇ ਪੰਜਾਬੀ ਧਰਮ ਅਤੇ ਸੰਗੀਤ ਦੋਹਾਂ ਨੂੰ ਚੋਖਾ ਪ੍ਰਭਾਵਿਤ ਕੀਤਾ ਅਤੇ ਵੱਖ ਵੱਖ ਪ੍ਰਦੇਸ਼ਾਂ ਵਿਚ ਸੁਤੰਤਰ ਕਲਾ ਰੀਤਾਂ ਚਾਲੂ ਹੋਣ ਲੱਗੀਆਂ।[2]

ਸਿਕੰਦਰ ਚੜ੍ਹ ਕੇ ਆਇਆ। ਉਹ ਕੇਸਰ ਦੀ ਪਾਤਸ਼ਾਹੀ ਜਿੱਤ ਚੁੱਕਾ ਸੀ, ਕਿਸਰਾ ਦਾ ਵੱਡਾ ਇਲਾਕਾ ਉਸ ਦੇ ਅਧਿਕਾਰ ਵਿਚ ਸੀ, ਉਸ ਸਮੇਂ ਇਹ ਦੋਵੇਂ ਪਾਤਸ਼ਾਹੀਆਂ ਸੰਸਾਰ ਵਿਚ ਪ੍ਰਸਿੱਧ ਸਨ। ਇਨ੍ਹਾਂ ਨੂੰ ਜਿੱਤਣ ਵਾਲਾ ਸੰਸਾਰ ਜੇਤੂ ਅਖਵਾਉਂਦਾ ਸੀ। ਕਿਸਰਾ ਦੀ ਬਾਦਸ਼ਾਹੀ ਵਿਚੋਂ ਇਹ ਸਤਲੁਜ ਤਕ ਦਾ ਦੇਸ਼ ਬਾਕੀ ਸੀ, ਉਹ ਇਸ ਨੂੰ ਜਿੱਤਣ ਨਿਕਲਿਆ ਸੀ। ਪੰਜਾਬ ਦੇ ਸਿਪਾਹੀਆਂ ਦੀ ਜੂਝਣ ਸ਼ਕਤੀ ਤੋਂ ਉਹ ਜਾਣੂ ਸੀ। ਇਹ ਲੋਕ ਉਸ ਦੀ ਫੌਜ ਵਿਚ ਰਹਿ ਕੇ ਦਾਰਾ ਨਾਲ ਲੜਾਈ ਸਮੇਂ ਆਪਣੇ ਹੱਥ ਦਿਖਾ ਚੁੱਕੇ ਸਨ। ਇਸ ਲਈ ਇਨ੍ਹਾਂ ਬਾਰੇ ਉਸ ਨੂੰ ਕੋਈ ਭੁਲੇਖਾ ਨਹੀਂ ਸੀ ਨਾ ਹੋ ਸਕਦਾ ਸੀ, ਪਰ ਯੂਨਾਨੀਆਂ ਦੇ ਪੈਰ ਪੰਜਾਬ ਵਿਚ ਨਾ ਜਮ ਸਕੇ। ਕੁਝ ਭਾਰਤੀ ਯੂਨਾਨ ਅਤੇ ਕੁਝ ਯੂਨਾਨੀ ਭਾਰਤ ਵਿਚ ਜ਼ਰੂਰ ਵਸ ਗਏ।

ਕੁਝ ਦਿਨਾਂ ਲਈ ਭਾਰਤੀਆਂ ਯੂਨਾਨੀਆਂ ਦਾ ਆਪਸੀ ਮੇਲ-ਜੋਲ ਹੋਰ ਬਣਿਆ ਰਿਹਾ ਕਿਉਂਕਿ ਕਦੇ ਬਹਾਦਰ ਲੋਕੀ ਆਪਸ ਵਿਚ ਲੰਮੇ ਵੈਰ ਨਹੀਂ ਹੰਢਾਉਂਦੇ। ਉਹ ਯੁੱਧ ਭੂਮੀ ਅਤੇ ਵਿਉਹਾਰ-ਭੂਮੀ ਦਾ ਅੰਤਰ ਜਾਣਦੇ ਹੁੰਦੇ ਹਨ। ਦੋਹਾਂ ਦੇਸ਼ਾਂ ਵਿਚ ਧਰਮ ਅਤੇ ਕਲਾ ਦੇ ਚਿੰਤਨ ਚੋਖੇ ਵਿਕਸਿਤ ਸਨ, ਦੋਹਾਂ ਨੇ ਇਕ ਦੂਜੇ ਦੇ ਪ੍ਰਭਾਵ ਕਬੂਲੇ। ਸ਼ਾਇਦ ਨਾਗ-ਪੂਜਾ ਅਤੇ ਨੰਦੀ ਪੂਜਾ ਆਦਿ ਨੂੰ ਸ਼ਹਿ ਇਸੇ ਯੁਗ ਵਿਚ ਪ੍ਰਾਪਤ ਹੋ ਸਕੀ ਹੋਵੇਗੀ। ਡਿਆਨਾ ਦੇਵੀ ਦੇ ਮੰਦਿਰ ਜਿਹੇ ਉੱਚੇ ਉੱਚੇ ਭਵਨਾ ਦਾ ਸੰਕਲਪ ਵੀ ਜੇਕਰ ਇਸੇ ਸੰਗਤਿ ਦਾ ਫਲ ਰਿਹਾ ਹੋਵੇ ਤਾਂ ਕੋਈ ਬਹੁਤੀ ਅਚੰਭੇ ਵਾਲੀ ਗੱਲ ਨਹੀਂ ਹੋਵੇਗੀ। ਔਸਿਰਿਸ ਅਤੇ ਆਇਰਿਸ ਦੀ ਰੀਸ ਉੱਤੇ ਸਾਂਝੀ ਦੇਵੀ ਆਦਿ ਦਾ ਸੰਕਲਪ ਵੀ ਇਸੇ ਯੁਗ ਨਾਲ ਜੋੜਿਆ ਜਾ ਸਕਦਾ ਹੈ।[3]

ਨਵੇਂ ਦੇਵੀ ਦੇਵਤਿਆਂ ਦੇ ਸੰਕਲਪ ਇਕੱਲੇ ਨਹੀਂ ਆਏ, ਨਾ ਕੇਵਲ ਬੜੇ ਬੜੇ ਮੰਦਿਰਾਂ-ਭਵਾਨਾਂ ਦਾ ਉਮਾਹ ਲਿਆਏ ਸਗੋਂ ਉਨ੍ਹਾਂ ਨਾਲ ਇਕ ਨਵੀਂ ਭਾਵ-ਧਾਰਾ ਨੂੰ ਵੀ ਪੈਰ ਪਸਾਰਣ ਦਾ ਮੌਕਾ ਮਿਲਿਆ ਅਤੇ ਉਸ ਦੇ ਨਾਲ ਕੁਝ ਨਵੀਆਂ ਗੁਣ-ਗਾਥਾਵਾਂ, ਨਵੀਆਂ ਵਡਿਆਈਆਂ ਅਤੇ ਨਵੇਂ ਸਤੋਤ੍ਰ ਵੀ ਆਏ ਹੋਣਗੇ। ਇਨ੍ਹਾਂ ਨਵੇਂ ਸਤੋਤ੍ਰਾਂ ਦਾ ਗਾਉਣ ਢੰਗ ਵੀ ਵੱਖਰਾ ਰਿਹਾ ਹੋਵੇਗਾ। ਜਿਸਨੂੰ ਆਪਣੇ ਖੇਤਰੀ ਸੰਗੀਤ ਦੀਆਂ ਧੁਨੀਆਂ ਨਾਲ ਇਕ-ਮਿੱਕ ਕਰਨ ਦੀ ਕ੍ਰਿਆ ਵੀ ਰਹੀ ਹੋਵੇਗੀ। ਇਸ ਪ੍ਰਕ੍ਰਿਆ ਵਿਚ ਆਉਣ ਵਾਲੀਆਂ ਗੁੰਝਲਾਂ ਸਾਡੀ ਗਾਇਨ ਸ਼ੈਲੀ ਅਤੇ ਸਾਡੇ ਰਾਗਾਂ ਨੂੰ ਨਵੇਂ ਪ੍ਰਕਾਰ ਉਪਜਾਉਣ ਦਾ ਮੌਕਾ ਦਿੱਤਾ ਹੋਵੇਗਾ।

ਸਮੇਂ ਦੇ ਫੇਰ ਨਾਲ ਇਹ ਜੋ ਕੁਝ ਵਾਪਰਿਆ ਕੀ ਉਹ ਸਹਿਜ ਸੁਭਾ ਸੁਤੇ ਹੀ ਵਾਪਰਿਆ ਜਾਂ ਉਸ ਨੂੰ ਸਮੇਂ ਦੀ ਬਦਲਦੀ ਨੁਹਾਰ, ਰੰਗ ਵਟਾਉਂਦੀਆਂ ਰਹੁ-ਰੀਤਾਂ, ਪੁਰਾਤਨ ਨਾਲ ਜਕੜੇ ਵਿਸ਼ਵਾਸਾਂ ਅਤੇ ਚਿੰਤਨ ਦੀ ਪਰੰਪਰਾ ਨਾਲ ਜੁੜੀਆਂ ਰੁੜ੍ਹ ਪ੍ਰਵਿਰਤੀਆਂ ਨਾਲ ਸਾਂਝਾ ਕਰਨ ਲਈ ਕੋਈ ਹਠੀਲੇ ਅਤੇ ਤਾਬੜ ਤੋੜ ਜਤਨ ਕਰਨੇ ਪਏ ਇਹ ਅਤੇ ਅਜਿਹੇ ਅਨੇਕਾਂ ਹੋਰ ਸਵਾਲ ਹਨ ਜਿਨ੍ਹਾਂ ਦਾ ਕੋਈ ਨਿਸ਼ਚਿਤ ਉੱਤਰ ਦੇ ਸਕਣ ਅਤੇ ਨਿੱਤ ਉਭਰਦੇ ਕਿੰਤੂਆਂ ਨੂੰ ਸ਼ਾਂਤ ਕਰਨ ਜੋਗ ਦਲੀਲਾਂ ਲੱਭਣ ਲਈ

ਸਾਡੇ ਕੋਲ ਅੱਜ ਨਾ ਪ੍ਰਤੱਖ ਉਘਾੜ ਦੇ ਸਾਧਨ ਹਨ ਅਤੇ ਨਾ ਹੀ ਕੋਈ ਸੰਤੋਸ਼-ਜਗਾਊ ਲਿਖਤੀ ਵਿਗਿਆਨਕ ਢੰਗ ਦੇ ਪ੍ਰਮਾਣ ਹੀ ਹਨ। ਸਭ ਕੁਝ ਅਨੁਮਾਨ ਅਤੇ ਦਲੀਲ ਆਸਰੇ ਹੈ।

ਪੰਜਾਬ ਵਿਚ ਸਿਕੰਦਰ ਦੇ ਵਾਰਸਾਂ ਦੀ ਅਸਫਲਤਾ ਦਾ ਪੰਜਾਬ ਦੇ ਧਰਮ ਚਿੰਤਨ ਉਤੇ ਇਕ ਸਿੱਧਾ ਪ੍ਰਭਾਵ ਇਹ ਪਿਆ ਕਿ ਪੰਜਾਬ ਉੱਤੇ ਹਾਕਮੀ ਦਾ ਕੇਂਦਰ ਇਕ ਵਾਰ ਮੁੜ ਪੂਰਬ ਵਿਚ ਪਹੁੰਚ ਗਿਆ। ਸ਼ਕਤੀ ਪੂਜਾ ਦਾ ਜੋ ਦੌਰ ਪੂਰਬ ਵਿਚ ਚੀਨ ਤੋਂ ਆ ਕੇ ਪਸਰ ਰਿਹਾ ਸੀ ਉਸ ਦਾ ਧਾਬਾ ਪੰਜਾਬ ਵੱਲ ਭੀ ਟੁਰ ਪਿਆ। ਅਨੇਕਾਂ ਦੇਵੀਆਂ ਦੇ ਮੰਦਿਰ ਏਥੇ ਵੀ ਕਾਇਮ ਹੋ ਗਏ। ਸ਼ਕ ਸ਼ਾਕਤ ਸਿੱਧਾਂ ਦੇ ਮਠ ਬਣਨ ਲੱਗੇ ਅਤੇ ਵਮਾਚਾਰ ਦੀ ਚਰਚਾ ਚਲੀ। ਸ਼ਕਤ ਦੇਵੀਆਂ ਦੀ ਰੀਸ ਉਤੇ ਵੈਸ਼ਨਲ ਦੇਵੀਆਂ ਦੀ ਸਥਾਪਨਾ ਵੀ ਹੋਈ। ਸੀਤਲਾ, ਮਨਸਾ ਆਦਿ ਅਨਾਰੀਆਂ ਦੇਵੀਆਂ ਦੀ ਪੂਜਾ ਵੀ ਹੋਣ ਲੱਗੀ। ਮਾਤ੍ਰੀ ਪੂਜਾ ਦੀ ਇਸ ਰੌਂ ਵਿਚ ਭੇਟਾ ਦੀ ਰਚਨਾ ਹੋਣ ਲੱਗੀ। ਜਿਨ੍ਹਾਂ ਦੀ ਭਾਸ਼ਾ ਵਿਚ ਅੱਜ ਵੀ ਪੰਜਾਬੀ ਤੱਤ ਪ੍ਰਧਾਨ ਹੈ।

ਫੇਰ ਕਸ਼ਮੀਰ ਦੇ ਸ਼ੈਵ ਮਤ ਅਤੇ ਕੌਲ ਮਾਰਗ ਅਧੀਨ ਸਿੱਧਾਂ ਨਾਥਾਂ ਦੀਆਂ ਗੱਦੀਆਂ ਕਾਇਮ ਹੋਈਆਂ। ਜੋਗੀਆਂ ਜਗੰਮਾਂ ਨੇ ਪਿੜ ਮੱਲੇ। ਨਾਥਾਂ ਦੀਆਂ ਸਬਦੀਆਂ ਭਾਰਤੀ ਸ਼ਾਸਤ੍ਰੀ ਸੰਗੀਤ ਦਾ ਆਧਾਰ ਲੈਂਦੀਆਂ ਸਨ ਜਦ ਕਿ ਜੋਗੀ-ਜੰਗਮ ਆਦਿ ਦੇਸੀ ਰਾਗਾਂ ਦੀ ਵਰਤੋਂ ਵਧੇਰੇ ਕਰਦੇ ਸਨ। ਕੁਝ ਲੋਕਾਇਤ ਦੇ ਪੂਜਾ ਵਿਧਾਨ ਵੀ ਚਾਲੂ ਹੋਏ ਜਿਹਾ ਕਿ ਬਣ-ਦੇਵਤਿਆਂ ਦੇ ਰੂਪ ਵਿਚ ਜੰਡੀ, ਪਿੱਪਲ, ਸੰਮੀ ਆਦਿ ਦੀ ਪੂਜਾ ਅਤੇ ਗ੍ਰਾਮ ਦੇਵਤਿਆਂ ਵਿਚ ਜਠੇਰੇ ਅਤੇ ਵਡੇਰੇ ਦੀ ਪੂਜਾ, ਨਗਰ ਦੇਵਤਾ ਅਤੇ ਗ੍ਰਾਮ-ਦੇਵਤਾ ਦੀ ਪੂਜਾ ਆਦਿ। ਬੀਬੜੀਆਂ ਅਤੇ ਕੰਜਕਾਂ ਆਦਿ ਦੇ ਰੂਪ ਵਿਚ ਜਾਂ ਸਤੀਆਂ ਆਦਿ ਦੇ ਰੂਪ ਵਿਚ ਸਥਾਨਕ ਲਘੂ-ਦੇਵੀਆਂ ਦੀ ਪੂਜਾ ਵੀ ਧਰਮ ਦਾ ਅੰਗ ਬਣੀ। ਇਨ੍ਹਾਂ ਸਭਨਾਂ ਦੀ ਮਹਿਮਾ ਦੇ ਗੀਤ ਗਾਉਣ ਦਾ ਢੰਗ ਵੱਖਰਾ ਵੱਖਰਾ ਹੈ।

ਪੰਜਾਬ ਵਿਚ ਰਾਧਾ ਨੂੰ ਉਸ ਦਾ ਬਣਦਾ ਸਤਿਕਾਰ ਨਹੀਂ ਮਿਲਿਆ, ਪਰ ਭੁਲਾਇਆ ਵੀ ਨਹੀਂ ਗਿਆ। ਕਿਸ਼ਨ ਜੀ ਦੀ ਪੂਜਾ ਮਾਨਤਾ ਦੇ ਨਾਲ ਨਾਲ ਰੁਕਮਣੀ, ਦਰੁਪਦੀ ਅਤੇ ਗੋਪੀਆਂ ਦੀ ਭਾਵਨਾ ਨਾਲ ਜੁੜੇ ਰਾਸ-ਕੇਲਿ ਦੇ ਗੀਤ ਤਿਉਹਾਰਾਂ ਪਰਬਾਂ ਅਤੇ ਵਿਆਹਾਂ-ਸ਼ਾਦੀਆਂ ਸਮੇਂ ਸ਼ੁਭ ਦੇ ਸੰਕਲਪ ਨਾਲ ਗਾਏ ਜਾਂਦੇ ਰਹੇ ਹਨ ਅਤੇ ਅੱਜ ਭੀ ਗਾਏ ਜਾਂਦੇ ਹਨ। ਸ਼ਿਵ ਦੀ ਮਹਿਮਾਂ ਨਾਲ ਗੌਰਜਾਂ ਦੀ ਦਿਆਲੁਤਾ, ਪ੍ਰਤਿਬ੍ਰਤ ਅਤੇ ਭਗਤ ਵੱਛਲ ਸੁਭਾ ਦੇ ਗੀਤ ਪੰਜਾਬੀ ਇਸਤ੍ਰੀਆਂ ਦੀ ਧਰਮ ਭਾਵਨਾ ਦਾ ਸਜੀਵ ਅੰਗ ਹਨ। ਸਮੇਂ ਦੀ ਰੇੜ੍ਹ ਹੁਣ ਇਨ੍ਹਾਂ ਦੀ ਥਾਂ ਸਿਨਮਾ ਅਤੇ ਟੈਲੀਵੀਜ਼ਨ ਦੇ ਸਸਤੇ ਗੀਤਾਂ ਅਤੇ ਕਿਤੇ ਕਿਤੇ ਤਾਂ ਲਚਰ ਕਿਸਮ ਦੇ ਕਾਮਕ ਗੀਤਾਂ ਨੂੰ ਵਿਸਤਾਰਣ ਵਿਚ ਵਧੇਰੇ ਰੁਚੀ ਲੈ ਰਹੀ ਹੈ।

ਰਾਮ-ਕਥਾ ਨਾਲ ਪੰਜਾਬ ਦੀ ਸਾਂਝ ਸਵੇਰੇ ਡੂੰਘੇਰੀ ਕਹੀ ਜਾ ਸਕਦੀ ਹੈ। ਪੰਜਾਬ ਵਿਚ ਕਈ ਥਾਵਾਂ ਰਾਮਾਯਣ ਦੀ ਕਥਾ ਨੂੰ ਸਮਰਪਿਤ ਹਨ। ਕੈਕੇਯ ਦੇਸ਼ ਭਰਤ ਦੇ

ਨਾਨਕੇ ਸਨ ਅਤੇ ਕੌਸ਼ਲਿਆ ਨਦੀ ਦੇ ਕੰਢੇ ਘੁੜਾਮ ਨਗਰ ਨੂੰ ਮਾਤਾ ਕੌਸ਼ਲਿਆ ਪੇਕਾ ਨਗਰ ਮੰਨਿਆ ਜਾਂਦਾ ਹੈ। ਰਾਮ-ਤੀਰਥ ਵੀ ਇਸ ਥਾਂ ਹੈ ਅਤੇ ਲਵ ਅਤੇ ਕੁਸ਼ ਦੇ ਵਸਾਏ ਨਗਰ ਲਾਹੌਰ ਅਤੇ ਕਸੂਰ ਵੀ। ਰਾਮ ਦੇ ਪਰਮ ਭਗਤ ਹਨੂਮਾਨ ਦਾ ਜਨਮ ਕੈਥਲ (ਕਪਿਸਥਲ) ਵਿਚ ਹੋਇਆ ਮੰਨਿਆ ਜਾਂਦਾ ਹੈ। ਜ਼ਿਲਾ ਫੀਰੋਜ਼ਪੁਰ ਵਿਚ ਉਹ ਥਾਂ ਮੰਨੀ ਜਾਂਦੀ ਹੈ ਜਿੱਥੇ ਸਰਵਣ ਕੁਮਾਰ ਰਾਜਾ ਦਸਰਥ ਦੇ ਤੀਰ ਦਾ ਸ਼ਿਕਾਰ ਹੋਇਆ ਸੀ ਅਤੇ ਜਿੱਥੇ ਦਸਰਥ ਨੂੰ ਸਰਾਪਿਆ ਗਿਆ ਸੀ। ਰਾਮਾਇਣ ਦੀ ਕਥਾ ਬੜੇ ਪ੍ਰੇਮ ਨਾਲ ਵਾਚੀ ਅਤੇ ਸੁਣੀ ਜਾਂਦੀ ਹੈ।[4]

ਭਾਰਤ ਵਿਚ ਅਰਬਾਂ ਦੀ ਆਵਾਜਾਈ ਅਤੇ ਵਪਾਰਕ ਸੰਬੰਧਾਂ ਦਾ ਸਿਲਸਿਲਾ ਚਿਰੋਕਾ ਬਣਿਆ ਸੀ। ਇਸਲਾਮ ਦਾ ਉਦੈ ਹੋਇਆ ਤਾਂ ਸੰਸਾਰ ਜੇਤੂ ਹੋਣ ਦੀ ਜਾਗ ਲੱਗੀ। ਭਾਰਤ ਵੀ ਕਾਫਿਰਾਂ ਦਾ ਦੇਸ਼ ਸੀ। ਸੱਤਵੀਂ ਸਦੀ ਤੋਂ ਹੀ ਹਮਲੇ ਹੋਣ ਲੱਗ ਪਏ ਸੀ। ਮੁਲਤਾਨ ਵਿਚ ਪਹਿਲਾ ਹਮਲਾ ਹੋਇਆ, ਕੁਝ ਦਿਨ ਰਾਜ ਵੀ ਚੱਲਿਆ ਫੇਰ ਸਿੰਧ ਵਿਚ ਕਾਸਿਮ ਨੇ ਜਿੱਤ ਪ੍ਰਾਪਤ ਕੀਤੀ, ਤਿੰਨ ਛੋਟੀਆਂ ਛੋਟੀਆਂ ਰਿਆਸਤਾਂ ਕਾਇਮ ਹੋਈਆਂ। ਮਹਿਮੂਦ ਗਜਨਵੀ ਦੀ ਸੰਤਾਨ ਨੇ ਕੁਝ ਦਿਨ ਲਾਹੌਰ ਵਿਚ ਰਾਜ ਕੀਤਾ। ਅਖੀਰ ਸਾਰੇ ਭਾਰਤ ਵਿਚ ਇਸਲਾਮੀ ਸੁਲਤਾਨੀ ਦੀਆਂ ਨੀਹਾਂ ਟਿਕੀਆਂ। ਸੂਫੀ ਸੰਤ ਅਤੇ ਫ਼ਕੀਰ ਲੋਕਾਂ ਵਿਚ ਸਤਿਕਾਰ ਯੋਗ ਥਾਂ ਬਣਾ ਸਕੇ ਏਸ ਦੌਰ ਵਿਚ ਸਮਾਅ, ਮੁਨਾਜਾਤ, ਨਾਅਤ, ਸਲਾਮ ਅਤੇ ਨੌਹਾ ਆਦਿ ਦਾ ਪ੍ਰਚਲਨ ਹੋਇਆ।

ਮੁਗਲ ਬਾਦਸ਼ਾਹ ਆਪਣੇ ਸਮੇਂ ਵਿਚ ਪੰਜਾਬ ਨਾਲ ਖਾਸ ਦਿਲਚਸਪੀ ਲੈਂਦੇ ਰਹੇ ਅਕਬਰ ਦਾ ਦਰਬਾਰ ਤਾਂ ਬਾਰਾ-ਤੇਰਾਂ ਵਰ੍ਹੇ ਲਾਹੌਰ ਟਿਕਿਆ ਰਿਹਾ। ਫਲ-ਸਰੂਪ ਧਾਰਮਿਕ ਸੰਗੀਤ ਨੂੰ (ਜੋ ਦੁਨਿਆਵੀ ਬਾਦਸ਼ਾਹਾਂ ਦੇ ਮੁਕਾਬਲੇ ਸੱਚੀ ਪਾਤਸ਼ਾਹੀ ਦੇ ਹਜ਼ੂਰ ਪੇਸ਼ ਕੀਤਾ ਜਾਂਦਾ ਭਗਤਾਂ ਦਾ ਢੰਗ ਸੀ) ਦਰਬਾਰੀ ਸੰਗੀਤ ਦੀ ਪਾਣ ਲੱਗੀ ਅਤੇ ਉਸ ਵਿਚ ਰਾਗਦਾਰੀ ਦੇ ਨਾਲ ਨਾਲ ਕਲਾਕਾਰੀ ਦੇ ਅੰਸ਼ ਭੀ ਚਲਾਏ ਜਾਣ ਲੱਗੇ। ਇਸੇ ਕਾਲ ਵਿਚ ਸਿੱਖ ਸੰਗੀਤ ਦਾ ਜਨਮ ਹੋਇਆ। ਗੁਰਬਾਣੀ ਅਤੇ ਵਾਰਾਂ ਦੀ ਗਾਇਕੀ ਨੇ ਆਪਣੀ ਵੱਖਰੀ ਅਤੇ ਨਿੱਖੜਵੀਂ ਹਸਤੀ ਕਾਇਮ ਕੀਤੀ। ਇਸ ਸ਼ੌਕ ਦੇ ਲੋਕਾਂ ਤੱਕ ਸਿੰਜਣ ਦਾ ਪ੍ਰਮਾਣ ਇਸ ਗੱਲ ਵਿਚ ਹੈ ਕਿ ਦਾਮੋਦਰ ਪੀਰਾਂ ਨੂੰ ਪ੍ਰਸੰਨ ਕਰਨ ਲਈ ਰਾਂਝੇ ਨੂੰ ਲਲਿਤ ਰਾਗ ਵਿਚ ਵੰਝਲੀ ਵਜਾਉਂਦੇ ਦਸਦਾ ਹੈ।

ਸ਼ਰਈਅਤ ਵਿਚ ਸੰਗੀਤ ਦੀ ਮਨਾਹੀ ਹੈ, ਏਥੋਂ ਤੱਕ ਕਿ ਸਰੂਦ ਅਤੇ ਸਮਾਅ ਨੂੰ ਜਾਇਜ਼ ਰੱਖਣ ਵਾਲੇ ਸੂਫੀਆਂ ਵਿਚ ਵੀ ਕਿਸੇ ਵਾਜੇ ਦੀ ਵਰਤੋਂ ਕਰਨਾ ਵਰਜਿਤ ਹੈ, ਢੋਲ ਜਾਂ ਦੰਫ ਵੀ ਨਹੀਂ ਵਰਤੀਂਦੇ। ਭਾਵੇਂ ਅੱਜ ਸਾਰੇ ਹੀ ਪੀਰਾਂ ਦੇ ਮਜ਼ਾਰਾਂ ਉੱਤੇ ਕੱਵਾਲ ਲੋਗ ਹਾਰਮੋਨੀਅਮ ਅਤੇ ਤਬਲਾ ਵਰਤਦੇ ਹਨ। ਮਲੰਗਾਂ, ਕਲੰਦਰਾਂ ਅਤੇ ਮਦਾਰੀਆਂ ਵਿਚ ਤਾਂ ਢੋਲ ਨਾਲ ਧਮਾਲ ਵੀ ਪਾਈ ਜਾਂਦੀ ਹੈ।[5] ਇਸ ਨੂੰ ਨੱਚਣ ਅਤੇ ਗਾਉਣ ਸਮੇਂ ਵਰਤਦੇ ਹਨ ਅਤੇ ਕਲੰਦਰ ਮਘਦੇ ਕੋਇਲਿਆਂ ਉਤੇ ਨੱਚ ਕੇ ਵਿਖਾਉਂਦੇ ਹਨ। ਆਮ ਕਰਕੇ ਧਮਾਲ ਨੱਚਣ ਵਾਲੇ ਹਜ਼ਰਤ ਅਲੀ ਦੀ ਮਹਿਮਾ ਦੇ ਗੀਤ ਇਸ ਨਾਚ ਨਾਲ ਗਾਉਂਦੇ ਹਨ। ਕੋਈ ਕੋਈ ਲੁਡੀ ਵੀ ਨੱਚਦੇ ਹਨ।

ਇਸਲਾਮੀ ਧਰਮ ਗਾਇਨ ਵਿਚ ਹਮਦ, ਨਾਅਤ, ਮੁਨਕਬਤ, ਸਲਾਮ ਪ੍ਰਮੁੱਖ ਹਨ। ਸ਼ੀਈਆ ਮੁਸਲਮਾਨ ਹਸਨ-ਹੁਸੈਨ ਦੀ ਯਾਦ ਵਿਚ ਸਲਾਮ, ਨੌਹਾ, ਰਿਜਜ਼ ਅਤੇ ਦੁਆ ਆਦਿ ਵੀ ਗਾ ਕੇ ਪੜ੍ਹਦੇ ਹਨ। ਤਾਲ ਦੇ ਲਈ ਹੱਥ ਨਾਲ ਤਾਲੀ ਦਿੱਤੀ ਜਾਂਦੀ ਹੈ ਅਤੇ ਅਕਸਰ ਹਿਜਾਜ਼, ਕੌਸੀਆ, ਸੋਹਣੀ, ਬਿਹਾਗ, ਪੂਰੀਆ, ਧਨਾਸਰੀ ਆਦਿ ਰਾਗਾਂ ਦੀ ਧੁਨ ਨੂੰ ਆਧਾਰ ਬਣਾਇਆ ਜਾਂਦਾ ਹੈ। ਵਿਚ ਵਿਚ ਹੋਰਨਾਂ ਰਾਗਾਂ ਦੀ ਗੁਲਕਾਰੀ ਕੀਤੀ ਜਾਂਦੀ ਹੈ ਅਤੇ ਤਰਾਨਾ, ਕੌਲ ਆਦਿ ਦੇ ਬੋਲ ਰਾਗ ਵਿਰੋਧੀ ਮੁਲਾਣਿਆਂ ਦਾ ਮੂੰਹ ਬੰਦ ਕਰਨ ਲਈ, ਕਿਸੇ ਇਕ ਰਾਗ ਦੇ ਸ਼ੁੱਧ ਵਿਕਾਸ ਤੋਂ ਟਲਣ ਲਈ ਅਜਿਹੇ ਸਾਧਨ ਵਰਤੇ ਜਾਂਦੇ ਹਨ। ਪਰ ਇਹ ਸਬ ਰਸਮੀ ਗੱਲਾਂ ਹਨ, ਮੁਖ ਰੂਪ ਤਾਂ ਆਪਣੇ ਪਿਆਰੇ ਮੁਰਸ਼ਦ ਹਾਦੀ ਜਾਂ ਨਬੀ ਅਤੇ ਖੁਦਾ ਦਾ ਜਸ ਕਰਨਾ ਹੁੰਦਾ ਹੈ।

ਪੰਜਾਬ ਦੇ ਖੇਤਰ ਵਿਚ ਸਭ ਤੋਂ ਪਛੇਤੇ ਆਉਣ ਵਾਲੇ ਧਾਰਮਿਕ ਅੰਦੋਲਨਾਂ ਵਿਚ ਬ੍ਰਹਮ-ਸਮਾਜ ਅਤੇ ਮਸੀਹੀ ਧਰਮ ਸਨ। ਮਹਾਂਰਿਸ਼ੀ ਦੇਵੇਂਦਰ ਨਾਥ ਅਤੇ ਬਾਬੂ ਨਬੀਨਚੰਦ੍ਰ ਰਾਇ ਦੇ ਜਤਨਾ ਦੇ ਬਾਵਜੂਦ ਬ੍ਰਹਮ-ਸਮਾਜ ਦੀ ਧਾਰਾ ਪੰਜਾਬ ਦੇ ਪਾਣੀਆਂ ਨੂੰ ਆਪਣੇ ਰੰਗ ਵਿਚ ਨਾ ਰੰਗ ਸਕੀ। ਅਤੇ ਛੇਤੀ ਹੀ ਮਹਾਂ ਰਿਸ਼ੀ ਦਯਾਨੰਦ ਜੀ ਦੇ ਆਰੀਆ ਸਮਾਜ ਵਿਚ ਖਪ-ਖਿੰਡ ਗਈ। ਮਸੀਹੀ ਧਰਮ ਆਪਣੇ ਨਾਲ ਕੁਝ ਵਿਸ਼ੇਸ਼ ਨਾਵਾਂ ਵਾਲੇ ਭਜਨ-ਗੀਤ ਲਿਆਇਆ ਪਰ ਇਸ ਦੀ ਪਹੁੰਚ ਲੋਕਾਂ ਦੀ ਆਮ ਪੜਤਾਲ ਵਿਚ ਘੱਟ ਅਤੇ ਕੁਝ ਉਪਰਲੇ, ਕੁਝ ਬਹੁਤ ਹੇਠਲੇ ਪੱਧਰ ਦੇ ਜੀਵਨ ਵਾਲਿਆਂ ਨਾਲ ਜੁੜੇ ਹੋਣ ਕਰਕੇ ਧਾਰਮਿਕ ਸੰਗੀਤ ਦੀ ਮੁਖ ਰੌਂ ਉਤੇ ਕੋਈ ਆਪਣੀ ਨਿੱਖਰਵੀ ਛਾਪ ਦੇਣੋਂ ਅਸਮਰਥ ਰਹੀ ਹੈ।

ਮਸੀਹੀ ਧਰਮ-ਗੀਤਾਂ ਨੇ ਸਾਡੀ ਧਰਮ-ਗੀਤਾਂ ਦੀ ਸੂਚੀ ਵਿਚ ਕੁਝ ਨਾਵਾਂ ਦਾ ਵਾਧਾ ਜ਼ਰੂਰ ਕੀਤਾ। ਇਹ ਨਾਮ ਹਨ ਹਾਇਮ, ਐਥਮ, ਮਾਸ, ਓਰੇਟੋਰੀਅਮ ਪੇਸ਼ਨ ਅਤੇ ਸਾਮ। ਚਰਚਾ ਤੋਂ ਬਾਹਰ ਸਾਧਾਰਣ ਲੋਕਾਂ ਵਿਚ ਇਨ੍ਹਾਂ ਗੀਤ ਪ੍ਰਕਾਰਾਂ ਦੀ ਪਛਾਣ ਘੱਟ ਹੀ ਹੈ। ਪੜ੍ਹੇ ਲਿਖੇ ਉਚ ਪੱਧਰੀ ਲੋਕਾਂ ਤੋਂ ਬਾਹਰ ਇਹ ਨਾਮ ਘੱਟ ਹੀ ਜਾਣੇ ਜਾਂਦੇ ਹਨ। ਹਿੰਦੂ ਧਰਮ ਅਸਲ ਵਿਚ ਬਹੁਤ ਸਾਰੇ ਧਰਮਾਂ ਦਾ ਇਕ ਗਹਿਰ-ਗੰਭੀਰ ਅਤੇ ਕੰਧੀ ਹੀਣ ਸਮੁੰਦਰ ਹੈ, ਇਸ ਦੇ ਅਣਗਣਿਤ ਸੰਪ੍ਰਦਾਈ ਸਾਧਾਂ-ਸੰਤਾਂ ਨੇ ਵੀ ਅਨੇਕ ਪ੍ਰਕਾਰ ਦੀ ਬਾਣੀ ਦੀ ਗਾਉਣ ਯੋਗ ਪਦਾਂ ਪ੍ਰਬੰਧਾਂ ਵਾਰਾਂ ਆਦਿ ਦੀ ਰਚਨਾ ਕੀਤੀ ਹੈ ਅਤੇ ਇਹ ਵੱਖਰੇ ਵੱਖਰੇ ਰਾਗਾਂ-ਰੀਤਾਂ ਆਦਿ ਵਿਚ ਗਾਏ ਵੀ ਜਾਂਦੇ ਹਨ। ਇਨ੍ਹਾਂ ਦੀਆਂ ਗਾਉਣ ਦੀਆਂ ਧੁਨੀਆਂ ਪਰੰਪਰਾ ਤੋਂ ਚਲੀਆਂ ਆਉਂਦੀਆਂ ਹਨ।

ਪੰਜਾਬ ਵਿਚ ਗਾਏ ਜਾਂਦੇ ਧਰਮ-ਗੀਤਾਂ ਦੇ ਨਾਮ ਅਨੇਕ ਹਨ, ਰੂਪ ਅਨੇਕ ਹਨ, ਰਾਗ ਅਨੇਕ ਹਨ, ਧੁਨਾਂ ਅਨੇਕ ਹਨ, ਛੰਦ ਅਨੇਕ ਹਨ, ਭਾਸ਼ਾਵਾਂ ਅਨੇਕ ਹਨ, ਗੱਲ ਕੀ ਇਹੋ ਕਹਿਣਾ ਪੈਂਦਾ ਹੈ ਕਿ "ਹਰਿ-ਅਨੰਤ ਹਰਿ ਕਥਾ ਅਨੰਤਾ"। ਮੋਟੇ ਤੌਰ ਉਤੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦਾ ਧਾਰਮਿਕ ਸੰਗੀਤ ਭੀ ਸ਼ਾਸਤਰੀ ਅਤੇ ਲੋਕ ਸਾਹਿਤ ਦਾ ਹੀ ਮਿਲ-ਗੋਭਾ ਹੈ। ਇਸ ਦਾ ਆਧਾਰ ਛੰਦ ਬੱਝਵੀਂ ਬਾਣੀ ਹੈ ਅਤੇ ਇਸ ਨੂੰ ਲੈ-

ਤਾਲ ਵਿਚ ਗਾਇਆ ਜਾਂਦਾ ਹੈ। ਇਸ ਦੇ ਆਧਾਰ ਭਾਵ ਬੰਦਨਾ, ਅਰਚਨਾ ਆਰਤੀ ਸਤੋਤ੍ਰ, ਸੋਹਲਾ, ਮਹਿਮਾ ਹਨ। ਮੁਖ ਰੂਪ ਸਾਮ, ਗਾਇਤ੍ਰੀ, ਸ਼ਲੋਕ, ਸ਼ਬਦੀ, ਗਾਥਾ, ਪ੍ਰਬੰਧ, ਰਾਇਸਾ, ਬਿਰੁਦ, ਭੇਟਾਂ, ਵਾਰਾਂ ਅਤੇ ਸੱਦ ਆਦਿ ਹਨ। ਭਜਨ, ਕੀਰਤਨ, ਨਾਮ ਸਿਮਰਨ ਬਹੁਪ੍ਰਚੱਲਿਤ ਮਾਧਿਅਮ ਹਨ।

ਕੁਝ ਇਕ ਗੀਤ ਨਿੱਤ-ਨੇਮ ਦਾ ਅੰਗ ਹੋ ਗਏ ਹਨ ਅਤੇ ਕੁਝ ਵਿਸ਼ਿਸ਼ਟ ਰੁੱਤਾਂ-ਥਿੱਤਾਂ ਅਤੇ ਦਿਨਾਂ ਤਿਉਹਾਰਾਂ ਨਾਲ ਜੁੜੇ ਹਨ। ਕੁਝ ਗੀਤ ਖਾਸ ਦੇਵਤਿਆਂ ਪੂਜਨੀਕਾਂ ਦੇ ਗੁਣ-ਕਥਨ ਕਰਦੇ ਹਨ ਅਤੇ ਖਾਸ ਖ਼ਾਸ ਮੌਕਿਆਂ ਉਤੇ ਗਾਏ ਜਾਂਦੇ ਹਨ, ਜਿਵੇਂ ਕਿ ਦੇਵੀਆਂ ਦੀਆਂ ਭੇਟਾਂ, ਸਾਂਝੀ ਦੇਵੀ ਦੇ ਗੀਤ, ਸੀਤਲਾ ਦੇ ਗੀਤ, ਗੁੱਗੇ ਦੇ ਗੀਤ ਆਦਿ। ਕੁਝ ਗੀਤਾਂ ਨਾਲ ਰਾਗਾਂ ਦੇ ਨਾਉਂ ਜੁੜ ਗਏ ਹਨ ਪਰ ਗਾਉਣ ਸਮੇਂ ਉਨ੍ਹਾਂ ਰਾਗਾਂ ਦਾ ਬੰਨ੍ਹਣ ਨਹੀਂ ਰੱਖਿਆ ਜਾਂਦਾ ਜਿਵੇਂ ਝਿੰਜੋਟੀਆਂ, ਕਾਫੀਆਂ, ਅਸਾਵਰੀਆਂ, ਜੋਗ, ਮਾਝਾ, ਰਾਹੋਏ, ਕਲਿਆਣਾਂ, ਕਾਨ੍ਹੜੇ, ਕਿਦਾਰੇ, ਜੈਜਾਵੰਤੀਆਂ, ਬਿਹਾਗ ਆਦਿ। ਇਵੇਂ ਹੀ ਕੁਝ ਛੰਦ-ਰੂਪਾਂ ਦੇ ਨਾਉਂ ਹਨ ਜੋ ਹੁਣ ਰੂੜ੍ਹ-ਰੂਪ ਹੋ ਗਏ ਹਨ ਜਿਵੇਂ ਬਿਸ਼ਨਪਦੇ, ਅਸ਼ਟ-ਪਦੀਆਂ, ਝੋਕਾਂ, ਵਾਰਾਂ, ਸੱਦਾਂ ਆਦਿ।

ਹਜ਼ਾਰਾਂ ਸਾਲਾਂ ਦੇ ਅਰਸੇ ਵਿਚ ਪਸਰੇ ਹੋਏ ਇਸ ਵਿਸਤਾਰ ਉਤੇ ਇਹ ਇਕ ਪੰਛੀ-ਝਾਤ ਜਿਹੀ ਪਲਕ-ਫਰਕਣੀ ਦਾ ਦ੍ਰਿਸ਼ ਹੈ ਜਿਸ ਦੇ ਕਿਸੇ ਇਕ ਅੰਗ ਨੂੰ ਲੈ ਕੇ ਗ੍ਰੰਥ ਲਿਖੇ ਜਾ ਸਕਦੇ ਹਨ ਅਤੇ ਖੋਜ ਕਾਰਜ ਵਿੱਢੇ ਜਾ ਸਕਦੇ ਹਨ। ਇਸ ਅਤਿਅੰਤ ਅਲਪ ਅਧਿਐਨ ਵਿਚ ਇਨ੍ਹਾਂ ਵਿਚੋਂ ਕਿਸੇ ਅੰਗ ਨੂੰ ਛੁਹਣ ਮਾਤਰ ਦੀ ਵੀ ਗੁੰਜਾਇਸ਼ ਸੰਭਵ ਨਹੀਂ ਹੋ ਸਕੀ। ਇਹ ਮੇਰੀ ਅਣਗਹਿਲੀ, ਅਸਮਰਥਾ ਜਾਂ ਅਗਿਆਨ ਦੋਸ਼ ਦਾ ਫਲ ਹੋ ਸਕਦਾ ਹੈ, ਤੁਸੀਂ ਇਸ ਨੂੰ ਸੁਹਿਰਦਤਾ ਨਾਲ ਪੜ੍ਹਨ, ਵਿਚਾਰਣ ਦੀ ਖੁਲ੍ਹ-ਦਿਲੀ ਵਿਖਾਈ ਹੈ। ਇਸ ਪੜ੍ਹਨ, ਸੁਣਨ ਅਤੇ ਵਿਚਾਰਣ ਦੀ ਪ੍ਰੀਕ੍ਰਿਆ ਦੇ ਫਲ ਸਰੂਪ ਅਨੇਕਾਂ ਚਿੰਤਨ-ਗੁੰਝਲਾਂ ਖੁਲ੍ਹੀਆਂ ਅਤੇ ਹੋਰ ਨਵੀਆਂ ਪਈਆਂ ਹੋਣਗੀਆਂ। ਆਸ ਹੈ ਆਪ ਇਨ੍ਹਾਂ ਨੂੰ ਸੁਲਝਾਉਣ ਦੇ ਜਤਨ ਕਰੋਗੇ।

---

## ਫੁਟ ਨੋਟ ਤੇ ਹਵਾਲੇ

**10.** ਓਹੀ, ਪੰਨਾ 48

**11.** ਓਹੀ, ਪੰਨਾ 55

**12.** ਓਹੀ, ਪੰਨਾ 16

**13.** ਧਾਰਮਿਕ ਵਿਸ਼ਵਾਸਾਂ ਦੀ ਗੱਲ ਛੂਤ ਵਾਂਗ ਫੈਲਦੀ ਹੈ। ਇਸ ਪ੍ਰਤੱਖ ਅਨੁਭਵ ਨਾਲੋਂ ਸ਼ੁਧਾ ਦੀ ਲੋੜ ਵਧੇਰੇ ਹੋਇਆ ਕਰਦੀ ਹੈ। ਇਸ ਨੂੰ ਵਗਿਆਨਕ ਤਜਰਬੇ ਜਾਂ ਦਲੀਲ ਦੇ ਠੋਸ ਧਰਾਤਲ ਉਤੇ ਪਰਖ ਸਕਣਾ ਸੰਭਵ ਨਹੀਂ ਹੋਇਆ ਕਰਦਾ। ਇਕ ਕਿਸੇ ਦਾ ਕੋਈ ਦੁਖ ਦੂਰ ਹੋ ਜਾਂਦਾ ਹੈ ਜਾਂ ਕੋਈ ਲਾਭ ਹੱਥ ਆ ਜਾਂਦਾ ਹੈ ਤਾਂ ਉਹ ਉਸ ਦਾ ਜ਼ਿਕਰ ਆਪਣੇ ਮਿਲਾਪੀਆਂ ਨਾਲ ਕਰਦਾ ਹੈ, ਜੇ ਮੁੜ ਵੀ ਉਹ ਗੁਣ ਸਿੱਧ ਹੋ

(ਬਾਕੀ ਸਫਾ ਦੇਖੋ 18 ਤੇ)

# ਸੰਗੀਤ, ਨਾਦ ਅਤੇ ਸ਼ਰੁਤੀ

ਸੰਗੀਤ :—ਸੰਗੀਤ ਕਲਾ ਦਾ ਹੋਰ ਸਾਰੀਆਂ ਲਲਿਤ ਕਲਾਵਾਂ ਵਿਚ ਵਿਸ਼ੇਸ਼ ਸਥਾਨ ਹੈ। ਇਸ ਦੀ ਮਹਾਨਤਾ ਦੇ ਕਈ ਕਾਰਨ ਹਨ, ਜੋ ਇਸ ਨੂੰ ਸਰਬ ਸ੍ਰੇਸ਼ਟ ਬਣਾਉਂਦੇ ਹਨ। ਇਸ ਕਲਾ ਲਈ ਉਮਰ. ਸਮਾਂ, ਸਥਾਨ, ਦੇਸ਼, ਭਾਸ਼ਾ ਤੇ ਧਰਮ ਆਦਿ ਦਾ ਕੋਈ ਬੰਧਨ ਨਹੀਂ ਹੈ। ਜਦੋਂ ਵੀ ਹਿਰਦਾ ਭਾਵਨਾਵਾਂ ਨਾਲ ਭਰਪੂਰ ਹੁੰਦਾ ਹੈ, ਆਪਣੇ ਆਪ ਹੀ ਸੰਗੀਤ ਦੀਆ ਧੁਨੀਆਂ ਮੂੰਹ ਤੋਂ ਨਿਕਲ ਪੈਂਦੀਆਂ ਹਨ। ਇਸ ਕਲਾ ਲਈ ਕਿਸੇ ਬਾਹਰੀ ਮਾਧਿਅਮ ਜਾਂ ਸਾਧਨ ਦੀ ਲੋੜ ਨਹੀਂ ਅਤੇ ਨਾ ਹੀ ਇਸ ਦਾ ਆਨੰਦ ਮਾਣਨ ਲਈ ਬਹੁਤੀ ਵਿਦਵਤਾ ਜਾਂ ਸਿਆਣਪ ਦੀ ਲੋੜ ਪੈਂਦੀ ਹੈ। ਸਹਿਜ ਸੁਭਾਵਕ ਹੀ ਇਹ ਮਨੁੱਖ ਦੇ ਅੰਦਰ ਆਪਣਾ ਘਰ ਕਰ ਜਾਂਦੀ ਹੈ। ਇਹ ਇਕ ਅਜਿਹੀ ਕਲਾ ਹੈ ਜੋ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਅੰਗ ਸੰਗ ਰਹਿੰਦੀ ਹੈ। ਪਸ਼ੂ-ਪੰਛੀਆਂ, ਬਿਰਛ-ਬੂਟਿਆਂ ਤੇ ਵੀ ਇਹ ਆਪਣਾ ਚਮਤਕਾਰੀ ਪ੍ਰਭਾਵ ਪਾਉਂਦੀ ਹੈ।

ਸੰਗੀਤ ਵਿਚ ਗਾਇਨ ਵਾਦਨ ਤੇ ਨਾਚ ਤਿੰਨੇ ਹੀ ਆ ਜਾਂਦੇ ਹਨ। ਇਹ ਤਿੰਨੇ ਹੀ ਇਕ ਦੂਜੇ ਤੇ ਆਧਾਰਿਤ ਹੁੰਦੇ ਹਨ। ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਜਿਸ ਸੰਗੀਤ ਨੂੰ ਅਸੀਂ ਗਲੇ ਦੁਆਰਾ ਸ਼ਬਦ, ਸੁਰ, ਲੈਅ ਅਤੇ ਤਾਲ ਸਹਿਤ ਪ੍ਰਯੋਗ ਕਰਦੇ ਹਾਂ ਉਸ ਨੂੰ ਅਸੀਂ ਗਾਇਨ ਕਹਿੰਦੇ ਹਾਂ। ਜਿਸ ਵਿਚ ਸਿਰਫ ਸੁਰਾਂ ਨੂੰ ਲੈਅ ਤੇ ਤਾਲ ਸਹਿਤ ਕਿਸੇ ਸਾਜ਼ ਤੇ ਵਜਾਇਆ ਜਾਂਦਾ ਹੈ ਉਸ ਨੂੰ ਵਾਦਨ ਕਹਿੰਦੇ ਹਾਂ ਤੇ ਜਦੋਂ ਸਰੀਰ ਦੇ ਅੰਗਾਂ ਦੀਆਂ ਸਿਰਫ ਕਲਾਤਮਕ ਮੁਦ੍ਰਾਵਾਂ ਤੇ ਭਾਵ-ਪ੍ਰਦਰਸ਼ਨ ਨੂੰ ਲੈਅ ਤੇ ਤਾਲ ਦੇ ਸਹਾਰੇ ਦਿਖਾ-ਇਆ ਜਾਂਦਾ ਹੈ, ਉਸ ਨੂੰ ਨ੍ਰਿਤ ਜਾਂ ਨਾਚ ਕਹਿੰਦੇ ਹਾਂ। ਇਹਨਾਂ ਤਿੰਨਾਂ ਵਿੱਚੋਂ ਗਾਇਨ ਆਪਣੀ ਸੁਤੰਤਰ ਪ੍ਰਕਿਰਤੀ ਅਤੇ ਜ਼ਿਆਦਾ ਪ੍ਰਚੱਲਤ ਹੋਣ ਦੇ ਕਾਰਨ ਉੱਤਮ ਮੰਨਿਆ ਜਾਂਦਾ ਹੈ।

## ਨਾਦ

ਜੋ ਕੁਝ ਸਾਡੇ ਕੰਨ ਸੁਣਦੇ ਹਨ ਉਸ ਦਾ ਸਬੰਧ ਧੁਨੀ ਜਾਂ ਆਵਾਜ਼ ਨਾਲ ਹੁੰਦਾ ਹੈ। ਮਿੱਠੀਆਂ ਸੁਰੀਲੀਆਂ ਧੁਨੀਆਂ ਨੂੰ ਅਸੀਂ ਸੰਗੀਤਕ ਭਾਸ਼ਾ ਵਿਚ ਨਾਦ ਕਹਿੰਦੇ ਹਾਂ। ਨਾਦ ਨੂੰ ਅਸੀਂ ਦੋ ਮੁੱਖ ਭਾਗਾਂ ਵਿਚ ਵੰਡਦੇ ਹਾਂ :—

1. ਅਨਾਹਤ ਨਾਦ
2. ਆਹਤ ਨਾਦ

**1: ਅਨਾਹਤ ਨਾਦ :**-ਇਸ ਨਾਦ ਦੇ ਵਿਸ਼ੇ ਵਿਚ ਕਿਹਾ ਜਾਂਦਾ ਹੈ ਕਿ ਇਹ ਨਾਦ ਕੇਵਲ ਰਿਸ਼ੀਆਂ ਮੁਨੀਆਂ ਦੀ ਸਾਧਨਾ ਅਤੇ ਯੋਗ ਵਿਚ ਹੀ ਪ੍ਰਯੋਗ ਕੀਤਾ

ਜਾਂਦਾ ਸੀ। ਇਸ ਦੀ ਉਤਪਤੀ ਬਿਨਾਂ ਕਿਸੇ ਟਕਰਾਉ ਦੇ ਹੁੰਦੀ ਹੈ। ਜੇ ਅਸੀਂ ਦੋਨਾਂ ਕੰਨਾਂ ਨੂੰ ਉਂਗਲੀਆਂ ਨਾਲ ਚੰਗੀ ਤਰ੍ਹਾਂ ਬੰਦ ਕਰ ਲਈਏ ਤਾਂ ਜਿਹੜੀ ਇਕ ਸਨਸਨਾਹਟ ਦੀ ਧੁਨੀ ਸਾਡੇ ਕੰਨਾਂ ਵਿਚ ਗੂੰਜਦੀ ਹੈ ਇਸ ਧੁਨੀ ਨੂੰ ਵੀ ਅਨਾਹਤ ਨਾਦ ਕਹਿੰਦੇ ਹਨ। ਇਸ ਦਾ ਪ੍ਰਯੋਗ ਈਸ਼ਵਰ ਉਪਾਸਨਾ ਦੇ ਲਈ ਕੀਤਾ ਜਾਂਦਾ ਸੀ। ਇਸ ਦਾ ਸੰਗੀਤਕ ਉਪਯੋਗ ਨਹੀਂ ਹੈ। ਸੰਗੀਤ ਵਿਚ ਆਹਤ ਨਾਦ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ।

2. ਆਹਤ ਨਾਦ :-ਦੋ ਚੀਜ਼ਾਂ ਦੇ ਟਕਰਾਉਣ ਜਾਂ ਸੰਘਰਸ਼ ਤੋਂ ਜਿਹੜੀ ਆਵਾਜ਼ ਪੈਦਾ ਹੁੰਦੀ ਹੈ ਉਸ ਨੂੰ ਅਸੀਂ ਆਹਤ ਨਾਦ ਕਹਿੰਦੇ ਹਾਂ ਜਿਵੇਂ, ਤਾਨਪੁਰਾ, ਵੀਣਾ, ਸਤਾਰ, ਸਾਰੰਗੀ ਆਦਿ ਤਾਰਾਂ ਉਤੇ ਗਜ਼ ਮਿਜ਼ਰਾਬ ਜਾਂ ਉਂਗਲੀ ਲਗਾਉਣ ਤੋਂ ਅਤੇ ਬਾਂਸੁਰੀ, ਸ਼ਹਿਨਾਈ, ਬੀਨ ਆਦਿ ਹਵਾ ਵਾਲੇ ਸਾਜ਼ਾਂ ਤੋਂ ਹਵਾ ਦੇ ਨਾਲ ਅਤੇ ਤਬਲਾ, ਢੋਲਕ, ਡਮਰੂ ਆਦਿ ਚਮੜੇ ਵਾਲੇ ਸਾਜ਼ਾਂ ਤੇ ਹੱਥ ਜਾਂ ਲੱਕੜੀ ਦੀ ਚੋਟ ਨਾਲ ਅਤੇ ਇਸੇ ਤਰ੍ਹਾਂ ਘੁੰਗਰੂ, ਮੰਜੀਰਾ, ਜਲ ਤਰੰਗ ਆਦਿ ਧਾਤੂ ਸਾਜ਼ ਆਪਸ ਵਿਚ ਟਕਰਾਉਣ ਨਾਲ ਜਾਂ ਲੱਕੜੀ ਦੀ ਛੜੀ ਆਦਿ ਦੀ ਸੱਟ ਨਾਲ ਨਾਦ ਪੈਦਾ ਹੋ ਕੇ ਸੰਗੀਤ ਉਪਯੋਗੀ ਧੁਨੀਆਂ ਨੂੰ ਪੈਦਾ ਕਰਦਾ ਹੈ ਜਾਂ ਗਾਇਨ ਵਿਚ ਗਾਇਕ ਦਾ ਸਾਹ ਜਦ ਕੰਠ ਨਾਲੀਆਂ ਅਤੇ ਮੂੰਹ ਨਾਲ ਸਪਰਸ਼ ਕਰਦੇ ਹੋਏ ਧੁਨੀ ਦੇ ਰੂਪ ਵਿਚ ਨਿਕਲਦਾ ਹੈ, ਉਸ ਨੂੰ ਅਸੀਂ ਆਹਤ ਨਾਦ ਕਹਿੰਦੇ ਹਾਂ।

ਸ਼ਰੁਤੀ :-ਧੁਨੀਆਂ ਵਿਚੋਂ ਕੁਝ ਅਜਿਹੀਆਂ ਸੂਖਮ ਅੰਤਰ ਵਾਲੀਆਂ ਧੁਨੀਆਂ ਲਈਆਂ ਗਈਆਂ ਹਨ ਜੋ ਮਧੁਰ ਹਨ ਅਤੇ ਜਿਨ੍ਹਾਂ ਨੂੰ ਕੰਨ ਸਪੱਸ਼ਟ ਰੂਪ ਨਾਲ ਸੁਣ ਸਕਦੇ ਹੋਣ। ਅਜਿਹੀਆਂ ਧੁਨੀਆਂ ਨੂੰ ਸ਼ਰੁਤੀ ਕਿਹਾ ਜਾਂਦਾ ਹੈ। ਇਹ ਸੰਖਿਆ ਵਿਚ 22 ਹਨ ਅਤੇ ਇਹਨਾਂ ਦੇ ਵੱਖ ਵੱਖ ਨਾਂ ਹਨ।

(ਸਫਾ 16 ਦੀ ਬਾਕੀ)

ਜਾਵੇ ਤਾਂ ਇਕ ਨਵਾਂ ਪੂਜਾ-ਆਸਣ ਕਾਇਮ ਹੋ ਜਾਂਦਾ ਹੈ। ਇਕ ਨਵੀਂ ਪੂਜਾ-ਵਿਧੀ★ ਚਲ ਪੈਂਦੀ ਹੈ।

14. ਇਹ ਵੱਖਰੀ ਗੱਲ ਹੈ ਕਿ ਆਧੁਨਿਕ ਖੋਜ ਕੈਕੇਯ ਤੋਂ ਬਿਨਾਂ ਕਿਸੇ ਵੀ ਟਿਕਾਣੇ ਦੇ ਪੰਜਾਬ ਵਿਚ ਹੋਣ ਦੀ ਸਾਖੀ ਕਰਨ ਲਈ ਤਿਆਰ ਨਹੀਂ। ਪ੍ਰੰਤੂ ਸੂਰਜ-ਵੰਸ਼ੀਆਂ ਦਾ ਪਿਛੋਕਾ ਪੰਜਾਬੀਆਂ ਦੇ ਮਨ ਵਿਚ ਘਰੇਲੂ ਸਿੰਮ੍ਰਿਤ ਵਾਂਗ ਉਕਰਿਆ ਹੈ।

15. ਧਮਾਲ ਨੱਚਣ ਦੀ ਇਹ ਪ੍ਰਵਿਰਤੀ ਪੰਜਾਬ ਤੋਂ ਬੰਗਾਲ ਤਕ ਅੱਪੜ ਗਈ ਦੱਸੀਦੀ ਹੈ। ਇਸ ਦਾ ਉਲੇਖ ਕਿਸੇ ਹੋਰ ਪ੍ਰਸੰਗ ਵਿਚ ਡਾ. ਡਾ. ਸੁਨੀਤੀ ਕੁਮਾਰ ਚੈਟਰਜੀ ਨੇ ਕੀਤਾ ਹੈ। ਵਿਸਥਾਰ ਲਈ ਦੇਖੋ : ਸਿਲੈਕਟਿਡ ਰਾਈਟਿੰਗਜ਼, ਪੰਨਾ 40

—★—

# ਸੰਗੀਤ-ਕੁਝ ਇਤਿਹਾਸਕ ਤੇ ਮਿਥਿਹਾਸਕ ਕਹਾਣੀਆਂ

ਫੂਲਾਂ ਰਾਣੀ ਆਰਟਿਸਟ

ਭਾਰਤੀ ਸੰਗੀਤ ਦੀ ਉਤਪਤੀ ਦੇਵਤਿਆਂ ਤੋਂ ਹੋਈ ਮੰਨੀ ਜਾਂਦੀ ਹੈ। ਅਪਸਰਾ ਉਰਵਸ਼ੀ ਦੇਵਤਿਆਂ ਦੇ ਰਾਜ ਦਰਬਾਰ ਦੀ ਪਹਿਲੀ ਸੰਗੀਤਕਾਰ ਸੀ ਜਿਸ ਨੇ ਸੰਗੀਤ ਕਲਾ ਨੂੰ ਦੁਨੀਆਂ ਵਿਚ ਲਿਆਂਦਾ। ਇਸ ਬਾਰੇ ਕਵੀ ਰਾਬਿੰਦਰ ਨਾਥ ਨੇ ਵੀ ਇਕ ਅਤਿ ਸੁੰਦਰ ਕਵਿਤਾ ਲਿਖੀ ਹੈ।

ਸੰਗੀਤ ਦਾ ਮੁੱਖ ਮਨੋਰਥ ਮਨੁੱਖੀ ਮਨੋਭਾਵਾਂ ਨੂੰ ਵੱਖ ਵੱਖ ਰਾਗ-ਰਾਗਣੀਆਂ ਦੁਅ. ਪ੍ਰਗਟਾਉਣਾ ਹੈ। ਇਹਨਾਂ ਰਾਗਾਂ ਦਾ ਮਨੁੱਖੀ ਅਤੇ ਹੋਰ ਜੀਵਤ ਸੰਸਾਰ ਦੇ ਮਨ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਸਵਰਾਂ ਜੇ ਠੀਕ ਢੰਗ ਨਾਲ ਗਾਈਆਂ ਵਜਾਈਆਂ ਜਾਣ ਤਾਂ ਮਨੁੱਖੀ ਮਨ ਨੂੰ ਕੀ, ਪਸ਼ੂ-ਪੰਛੀਆਂ ਨੂੰ ਵੀ ਜਾਦੂ ਵਾਂਗ ਕੀਲ ਲੈਂਦੀਆਂ ਹਨ, ਇਸ ਬਾਰੇ ਕੁਝ ਕੁ ਕਹਾਣੀਆਂ ਇਸ ਪ੍ਰਕਾਰ ਹਨ :—

★ ਇਕ ਵਾਰੀ ਮਹਾਂਦੇਵ ਜੀ ਨਾਰਦ ਪਾਸ ਗਏ ਅਤੇ ਕਹਿਣ ਲੱਗੇ, 'ਤੈਨੂੰ ਵੀਣਾ ਵਜਾਉਣ ਬਾਰੇ ਕੀ ਸੂਝ-ਸਮਝ ਹੈ ਕਿ ਤੂੰ ਇਸ ਪਵਿੱਤਰ ਸਾਜ਼ ਨੂੰ ਵਜਾਉਣ ਦੀ ਜੁਰੱਅਤ ਕਰ ਰਿਹਾ ਹੈਂ।'

ਨਾਰਦ ਨੇ ਅੱਗੋਂ ਉੱਤਰ ਦਿੱਤਾ, ਜੇ ਤੁਸੀਂ ਕੋਈ ਐਸਾ ਵਿਅਕਤੀ ਦਸ ਸਕੋ ਜਿਸ ਨੂੰ ਇਸ ਬਾਰੇ ਮੈਥੋਂ ਵੱਧ ਗਿਆਨ ਹੋਵੇ ਤਾਂ ਮੈਂ ਜ਼ਰੂਰ ਉਸ ਦੀ ਉੱਚਤਾ ਨੂੰ ਸਵੀਕਾਰ ਕਰਾਂਗਾ।'

ਇਸ ਤੇ ਮਹਾਂਦੇਵ ਨੇ ਝਬਦੇ ਹੀ ਦੇਵੀ ਸਰਵਸਤੀ ਨੂੰ ਸਦ ਭੇਜਿਆ ਅਤੇ ਉਹਨੂੰ ਵੀਣਾ 'ਤੇ ਰਾਗ ਅਲਾਪਣ ਲਈ ਕਿਹਾ। ਨਾਰਦ ਸਰਸਵਤੀ ਦੀ ਰਾਗ ਸੰਬੰਧੀ ਸੂਝ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਉਹਨੇ ਸਰਸਵਤੀ ਸਾਹਮਣੇ ਆਪਣਾ ਸਿਰ ਝੁਕਾ ਦਿੱਤਾ। ਉਸ ਸਮੇਂ ਤੋਂ ਹੀ ਦੇਵੀ ਸਰਸਵਤੀ ਨੂੰ ਸੰਗੀਤ ਉਤਪਤੀ ਦਾ ਸੋਮਾ ਮੰਨਿਆ ਜਾਂਦਾ ਹੈ।

✶ ਹਨੂੰਮਾਨ ਨੂੰ ਆਪਣੀ ਸੰਗੀਤ ਯੋਗਤਾ 'ਤੇ ਬੜਾ ਮਾਣ ਸੀ ਅਤੇ ਉਹ ਇਸ ਸੰਬੰਧੀ ਬੜੀਆਂ ਫੜ੍ਹਾਂ ਮਾਰਦਾ ਰਹਿੰਦਾ ਸੀ। ਇਕ ਵਾਰੀ ਸ੍ਰੀ ਰਾਮ ਚੰਦਰ ਜੀ ਨੂੰ ਉਹਦੀਆਂ ਫੜ੍ਹਾਂ ਤੋਂ ਬੜੀ ਖ਼ਿੱਝ ਆਈ ਅਤੇ ਉਹਨਾਂ ਨੇ ਹਨੂੰਮਾਨ ਨੂੰ ਸਬਕ ਸਿਖਾਉਣ ਲਈ ਇਕ ਵਿਧੀ ਸੋਚੀ।

ਸ਼ਹਿਰੋਂ ਕੁਝ ਦੂਰ ਸੰਘਣੇ ਬਣ ਵਿਚ ਇਕ ਰਿਸ਼ੀ ਰਹਿੰਦਾ ਸੀ ਜੋ ਸੰਗੀਤ ਸਵਰਾਂ ਨੂੰ ਏਨਾ ਪ੍ਰਭਾਵਸ਼ਾਲੀ ਅਤੇ ਸੁੰਦਰ ਢੰਗ ਨਾਲ ਗਾਉਂਦਾ ਸੀ ਕਿ ਸਪਤਕ ਦੀਆਂ ਸੱਤੇ ਸਵਰਾਂ ਝਬਦੇ ਹੀ ਸਤ ਸੁੰਦਰ ਅਪਸਰਾਵਾਂ ਦਾ ਰੂਪ ਧਾਰਨ ਕਰ ਲੈਂਦੀਆਂ ਸਨ। ਸ੍ਰੀ ਰਾਮ ਚੰਦਰ ਜੀ ਹਨੂੰਮਾਨ ਨੂੰ ਉਸ ਰਿਸ਼ੀ ਪਾਸ ਲੈ ਗਏ ਅਤੇ ਉਹਨੂੰ ਸੰਗੀਤ ਗਾਉਣ ਸੰਬੰਧੀ

ਬੇਨਤੀ ਕੀਤੀ। ਇਸ ਤੋਂ ਪਹਿਲਾਂ ਕਿ ਰਿਸ਼ੀ ਜੀ ਗਾਇਣ ਸ਼ੁਰੂ ਕਰਦੇ ਹਨੂੰਮਾਨ ਰਿਸ਼ੀ ਜੀ ਤੇ ਆਪਣੀ ਸੰਗੀਤ ਸੂਝ ਦਾ ਰੋਹਬ ਪਾਉਣ ਲਈ ਵੀਣਾ ਨੂੰ ਚੁੱਕ ਕੇ ਆਪ ਹੀ ਵਜਾਉਣ ਲੱਗ ਪਿਆ। ਵੀਣਾ ਵਿਚੋਂ ਨਿਕਲੀ ਧੁਨ ਸੁਣ ਕੇ ਇਕ ਸੁੰਦਰ ਅਪਸਰਾ ਉਠ ਖੜ੍ਹੀ ਹੋਈ, ਥੋੜ੍ਹਾ ਜਿਹਾ ਹਿਲੀ-ਜੁਲੀ ਅਤੇ ਫੇਰ ਮੂਰਛਿਤ ਹੋ ਕੇ ਥੱਲੇ ਡਿੱਗ ਪਈ। ਇਸ ਦਾ ਕਾਰਨ ਇਹ ਸੀ ਕਿ ਹਨੂੰਮਾਨ ਨੇ ਉਸ ਅਪਸਰਾ ਨਾਲ ਸੰਬੰਧਤ ਸਵਰ ਗਲਤ ਢੰਗ ਨਾਲ ਵਜਾਈ ਸੀ। ਦੂਜੀਆਂ ਅਪਸਰਾਵਾਂ ਨੂੰ ਇਸ ਦੁਰਘਟਨਾ ਦਾ ਏਨਾ ਦੁਖ ਹੋਇਆ ਕਿ ਉਹ ਸਭ ਵਿਰਲਾਪ ਕਰਨ ਲੱਗ ਪਈਆਂ।

ਇਹ ਵੇਖ ਕੇ ਰਿਸ਼ੀ ਜੀ ਮੁਸਕਰਾਏ ਅਤੇ ਉਹਨਾਂ ਨੇ ਵੀਣਾ ਚੁੱਕ ਉਸੇ ਸਵਰ ਨੂੰ ਇਸ ਸੁੰਦਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵਜਾਇਆ ਕਿ ਮੂਰਛਿਤ ਹੋਈ ਅਪੱਛਰਾ ਮੁੜ ਨੌਂ ਬਰ ਨੌਂ ਹੋ ਗਈ ਅਤੇ ਇਹ ਵੇਖ ਕੇ ਹਨੂੰਮਾਨ ਨੂੰ ਆਪਣੀ ਸੰਗੀਤ ਸੂਝ ਬਾਰੇ ਬੜੀ ਲੱਜਿਆ ਆਈ।

★ ਮਿਰਜ਼ਾ ਮੁਹੰਮਦ ਇਕ ਪ੍ਰਸਿੱਧ ਸੰਗੀਤਕਾਰ ਹੋਇਆ ਹੈ। ਉਸ ਨੂੰ ਉਹਦੀ ਸੁਰੀਲੀ ਆਵਾਜ਼ ਅਤੇ ਸੰਗੀਤ ਸੂਝ ਕਾਰਨ ਲੋਕ 'ਬੁਲਬੁਲ' ਕਹਿ ਕੇ ਸਦਦੇ ਸਨ। ਉਹਨੇ ਆਪਣੇ ਲਈ ਇਕ ਅਤਿ ਸੁੰਦਰ ਬਾਗ ਬਣਾਇਆ ਹੋਇਆ ਸੀ ਜਿਸ ਵਿਚ ਰੰਗ-ਬਰੰਗੇ ਫੁੱਲ ਅਤੇ ਫੁੱਲਦਾਰ ਪੌਦੇ ਲੱਗੇ ਹੋਏ ਸਨ।

ਉਹ ਸਵੇਰੇ ਉਠ ਕੇ ਉਸ ਬਾਗ ਵਿਚ ਚਲਾ ਜਾਂਦਾ ਸੀ ਅਤੇ ਉਥੇ ਬੈਠ ਕੇ ਸ਼ਹਿਨਾਈ ਵਜਾਇਆ ਕਰਦਾ ਸੀ। ਇਸ ਤੇ ਬੁਲਬੁਲਾਂ ਉਹਦੇ ਗਿਰਦ ਝੁਰਮਟ ਪਾ ਲੈਂਦੀਆਂ ਸਨ ਅਤੇ ਖੁਸ਼ੀ ਵਿਚ ਇਕ ਟਾਹਣੀ ਤੋਂ ਉਡ ਕੇ ਦੂਜੀ ਟਾਹਣੀ ਤੇ ਬੈਠ ਜਾਂਦੀਆਂ ਅਤੇ ਅੰਤ ਵਿਚ ਮਸਤ ਹੋ ਕੇ ਉਥੇ ਹੀ ਡਿੱਗ ਪੈਂਦੀਆਂ ਸਨ।

★ ਮੈਸੂਰ ਦਾ ਇਕ ਸ਼ਹਿਜ਼ਾਦਾ ਜਦ ਕਦੀ ਮੌਜ ਵਿਚ ਆਉਂਦਾ ਤਾਂ ਆਪਣੇ ਰਾਜ ਦਰਬਾਰ ਦੇ ਸਭ ਸੰਗੀਤਕਾਰਾਂ ਨੂੰ ਲਾਗਲੇ ਇਕ ਟਾਪੂ ਵਿਚ ਲੈ ਜਾਂਦਾ ਜਿਥੇ ਬੜੇ ਜ਼ਹਿਰੀਲੇ ਸੱਪ ਰਹਿੰਦੇ ਸਨ। ਉਸ ਟਾਪੂ ਵਿਚ ਜਿਸ ਥਾਂ ਤੇ ਬੈਠ ਕੇ ਸੰਗੀਤਕਾਰ ਰਾਗ ਅਲਾਪਣਾ ਸ਼ੁਰੂ ਕਰਦੇ ਸਨ, ਸਾਰੇ ਸੱਪ ਆਪਣੀਆਂ ਖੁੱਡਾਂ ਵਿੱਚੋਂ ਨਿਕਲ ਕੇ ਉਸ ਦੇ ਆਲੇ-ਦੁਆਲੇ ਘੇਰਾ ਪਾ ਲੈਂਦੇ ਸਨ ਅਤੇ ਜਿਵੇਂ ਜਿਵੇਂ ਧੁਨ ਦੀ ਆਵਾਜ ਉੱਚੀ ਹੁੰਦੀ ਜਾਂਦੀ ਸੀ, ਉਹ ਆਪਣੀਆਂ ਸਿਰੀਆਂ ਉੱਚੀਆਂ ਚੁੱਕ ਕੇ ਸਵਰਾਂ ਦੀ ਲੈਅ ਨਾਲ ਝੂਮਣ ਲੱਗ ਜਾਂਦੇ ਸਨ ਅਤੇ ਜਦ ਧੁਨ ਸਮਾਪਤ ਹੁੰਦੀ ਸੀ, ਉਹ ਚੁੱਪ-ਚਾਪ ਬਿਨਾਂ ਕਿਸੇ ਨੂੰ ਜਸੇ, ਆਪੋ ਆਪਣੀਆਂ ਖੁੱਡਾਂ ਵੱਲ ਮੁੜ ਜਾਂਦੇ ਸਨ।

★ ਸ਼ਹਿਨਸ਼ਾਹ ਅਕਬਰ ਦੇ ਰਾਜ ਕਾਲ ਵਿਚ ਮਥਰਾ ਦੇ ਨਗਰ ਵਿਚ ਹਰੀਦਾਸ ਨਾਮੀ ਇਕ ਭਗਤ ਰਹਿੰਦਾ ਸੀ। ਉਹਦੀ ਸੰਗੀਤ ਸਾਧਨਾਂ ਬਾਰੇ ਏਨੀਆਂ ਧੁੰਮਾਂ ਪਈਆਂ ਹੋਈਆਂ ਸਨ ਕਿ ਕਈ ਵਾਰ ਸ਼ਹਿਨਸ਼ਾਹ, ਜੋ ਬੜਾ ਕਲਾ ਪ੍ਰੇਮੀ ਸੀ, ਉਹਨੂੰ ਸੁਣਨ ਲਈ ਉਤਾਵਲਾ ਹੋ ਜਾਦਾ ਸੀ। ਉਹਨੇ ਭਗਤ ਜੀ ਨੂੰ ਰਾਜ ਦਰਬਾਰ ਵਿਚ ਆ ਕੇ ਰਹਿਣ ਲਈ ਬੜੀ ਵਾਰ ਬੇਨਤੀ ਕੀਤੀ ਪਰ ਉਹ ਇਸ ਵਿਚ ਸਫਲ ਨਾ ਹੋਇਆ। ਆਖਰ ਉਹਨੇ

ਇਸ ਬਾਰੇ ਤਾਨਸੈਨ ਨਾਲ ਗੱਲ ਕੀਤੀ । ਤਾਨਸੈਨ ਨੇ ਉੱਤਰ ਦਿੱਤਾ ਕਿ ਭਗਤ ਜੀ ਕਿਸੇ ਵੀ ਵਿਅਕਤੀ ਨੂੰ ਆਪਣੇ ਸੰਗੀਤ ਤੁਲ ਨਹੀਂ ਸਮਝਦੇ ।ਇਸ ਲਈ ਜੇ ਉਨ੍ਹਾਂ ਨੂੰ ਮਿਲਣਾ ਹੋਵੇ ਤਾਂ ਸ਼ਹਿਨਸ਼ਾਹ ਆਪਣਾ ਭੇਸ ਬਦਲ ਕੇ ਇਕ ਸਾਧਾਰਨ ਮਨੁੱਖ ਵਾਂਗ ਉਹਨਾਂ ਦੇ ਡੇਰੇ ਵਿਚ ਜਾ ਸਕਦੇ ਹਨ । ਅਕਬਰ ਨੇ ਇਸੇ ਤਰ੍ਹਾਂ ਹੀ ਕੀਤਾ ਅਤੇ ਜਦ ਉਹ ਦੋਵੇਂ ਭਗਤ ਜੀ ਦੇ ਡੇਰੇ ਪਹੁੰਚੇ ਤਾਂ ਉਹਨਾਂ ਵੇਖਿਆ ਕਿ ਅਨੇਕਾਂ ਰਾਗ-ਰਾਣਗੀਆਂ ਉਹਨਾਂ ਦੀ ਲੈਅ ਅਤੇ ਸਵਰਾਂ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦੇ ਆਲੇ-ਦੁਆਲੇ ਘੇਰਾ ਪਾ ਕੇ ਉਹਨਾਂ ਦੀ ਸੇਵਾ ਵਿਚ ਖੜ੍ਹੀਆਂ ਹਨ ।

★ ਇਕ ਵਾਰੀ ਅਕਬਰ ਦੇ ਦਰਬਾਰ ਦਾ ਪ੍ਰਸਿੱਧ ਸੰਗੀਤਕਾਰ ਤਾਨਸੈਨ ਦੀਪਕ ਰਾਗ ਦਾ ਅਲਾਪ ਕਰ ਰਿਹਾ ਸੀ । ਰਾਗ ਦੇ ਪ੍ਰਭਾਵ ਨਾਲ ਅਚਾਨਕ ਉਹਦੇ ਆਲੇ-ਦੁਆਲੇ ਅੱਗ ਦੇ ਭਾਂਬੜ ਬਲ ਉਠੇ ।

ਲਾਗਿਓਂ ਹੀ ਇਕ ਸੁੰਦਰੀ ਸਿਰ ਤੇ ਪਾਣੀ ਦਾ ਭਰਿਆ ਘੜਾ ਚੁੱਕੀ ਲੰਘ ਰਹੀ ਸੀ, ਉਹਨੇ ਘੜੇ ਨੂੰ ਉਥੇ ਹੀ ਰੱਖ ਦਿੱਤਾ ਅਤੇ ਮੇਘ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ । ਉਸ ਰਾਗ ਦੇ ਸਵਛ ਗਾਇਣ ਦਾ ਏਨਾ ਪ੍ਰਭਾਵ ਪਿਆ ਕਿ ਉਸੇ ਵੇਲੇ ਆਕਾਸ਼ ਵਿਚ ਘਨਘੋਰ ਘਟਾ ਛਾ ਗਈ ਅਤੇ ਮੋਹਲੇਧਾਰ ਮੀਂਹ ਪੈਣਾ ਸ਼ੁਰੂ ਹੋ ਗਿਆ । ਜਿਸ ਨਾਲ ਕਿ ਦੀਪਕ ਰਾਗ ਦੇ ਪ੍ਰਭਾਵ ਦੁਆਰਾ ਉਤਪੰਨ ਹੋਏ ਭਾਂਬੜ ਠੰਢੇ ਹੋ ਗਏ ।

★ ਤਾਨਸੈਨ ਦੇ ਚਾਰ ਪੁੱਤਰ ਸਨ । ਉਹਨਾਂ ਵਿਚੋਂ ਕਿਸੇ ਨੂੰ ਵੀ ਸੰਗੀਤ ਵਿਚ ਦਿਲ-ਚਸਪੀ ਨਹੀਂ ਸੀ । ਉਹਦਾ ਸਭ ਤੋਂ ਵੱਡਾ ਪੁੱਤਰ ਬਿਲਾਸ ਖਾਂ ਤਾਂ ਸਦਾ ਬਾਹਰ ਦੌਰਿਆਂ ਤੇ ਹੀ ਤੁਰਿਆ ਰਹਿੰਦਾ ਸੀ ।

ਇਸ ਮਹਾਨ ਗਵੱਈਏ ਦੀ ਅਚਾਨਕ ਮੌਤ ਹੋ ਗਈ ਅਤੇ ਸਵਾਲ ਉਠਿਆ ਕਿ ਉਸ ਦਾ ਉਤਰ-ਅਧਿਕਾਰੀ ਕਿਸ ਨੂੰ ਚੁਣਿਆ ਜਾਏ । ਉਹਦੇ ਚੇਲਿਆਂ ਵਿਚੋਂ ਵੀ ਕਈਆਂ ਨੇ ਗੱਦੀ ਲਈ ਆਪੋ ਆਪਣੇ ਨਾਮ ਪੇਸ਼ ਕੀਤੇ ਪਰ ਕੋਈ ਫੈਸਲਾ ਨਾ ਹੋ ਸਕਿਆ । ਬਿਲਾਸ ਖਾਂ ਜਦ ਆਪਣੇ ਦੌਰੇ ਤੋਂ ਵਾਪਸ ਘਰ ਆਇਆ ਤਾਂ ਆਪਣੇ ਪਿਤਾ ਦੇ ਕਫਨ ਕੋਲ ਬੈਠ ਕੇ ਕਹਿਣ ਲੱਗਾ, 'ਕੋਈ ਵੀ ਗਵੱਈਆ ਜੋ ਆਪਣੇ ਸੰਗੀਤ ਗਾਇਣ ਦੁਆਰਾ ਮੇਰੇ ਪਿਤਾ ਦੀ ਲੋਥ 'ਤੇ ਪਏ ਹੋਏ ਕਫਨ ਨੂੰ ਸਰਕਾ ਦੇਵੇ, ਉਹ ਹੀ ਮੇਰੇ ਪਿਤਾ ਦੀ ਥਾਂ ਲੈਣ ਦਾ ਹੱਕਦਾਰ ਹੋਏਗਾ ।

ਜਦ ਇਸ ਇਮਤਿਹਾਨ ਲਈ ਕੋਈ ਵੀ ਗਵੱਈਆ ਨਾ ਨਿੱਤਰਿਆ ਤਾਂ ਬਿਲਾਸ ਖਾਂ ਨੇ ਆਪ ਹੀ ਟੋਡੀ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਅਤੇ ਉਹ ਏਨਾ ਭਾਵਕ ਹੋ ਗਿਆ ਕਿ ਕਫਨ ਉਹਦੇ ਪਿਤਾ ਦੀ ਦੇਹ ਤੋਂ ਆਪਣੇ ਆਪ ਸਰਕਣ ਲੱਗ ਪਿਆ ।

ਲੋਕ ਬਿਲਾਸ ਖਾਂ ਦੀ ਸੰਗੀਤ ਪ੍ਰਤੀਯੋਗਤਾ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਇਕ ਰਾਏ ਨਾਲ ਤਾਨਸੈਨ ਦੀ ਗੱਦੀ ਉਹਨੂੰ ਹੀ ਸੌਂਪ ਦਿੱਤੀ ।

ਉਸੇ ਸਮੇਂ ਤੋਂ ਹੀ ਟੋਡੀ ਦਾ ਜੋ ਰੂਪ ਬਿਲਾਸ ਖਾਂ ਨੇ ਉਥੇ ਪੇਸ਼ ਕੀਤਾ ਸੀ, 'ਬਿਲਾਸ ਖਾਨੀ ਟੋਡੀ' ਦੇ ਨਾਮ ਨਾਲ ਪ੍ਰਸਿੱਧ ਹੋ ਗਿਆ ।

★ ਕਹਿੰਦੇ ਹਨ ਕਿ 'ਕਾਨੂੰਨ' ਨਾਮੀ ਸਾਜ਼ ਦੀ ਕਾਢ ਇਕ ਈਰਾਨੀ ਸੰਗੀਤਕਾਰ ਨੇ ਕੱਢੀ ਸੀ ਜਿਸ ਦਾ ਨਾਂ 'ਅਲਫਰੋਲੀ' ਸੀ।

ਇਕ ਵਾਰ ਨਵਾਬ ਸੈਫ ਉਲ ਦੌਲਾ ਦੇ ਦਰਬਾਰ ਵਿਚ ਗਿਆ ਅਤੇ ਆਪਣੇ ਆਪ ਨੂੰ ਇਕ ਅਜਨਬੀ ਦੇ ਰੂਪ ਵਿਚ ਪੇਸ਼ ਕਰਦਿਆਂ ਅਰਜ਼ ਕੀਤੀ ਕਿ ਉਹ ਨਵਾਬ ਦੇ ਦਰਬਾਰ ਦਾ ਰੁਕਨ ਬਣਨਾ ਚਾਹੁੰਦਾ ਹੈ।

ਉਹਦੀ ਯੋਗਤਾ ਪ੍ਰਖਣ ਲਈ ਨਵਾਬ 'ਤੇ ਉਹਨੇ ਕਈ ਸਵਾਲ ਕੀਤੇ ਜਿਹਨਾਂ ਦਾ ਉੱਤਰ ਸੁਣ ਕੇ ਨਵਾਬ ਨੂੰ ਉਹਦੀ ਯੋਗਤਾ ਬਾਰੇ ਪੂਰੀ ਤਸੱਲੀ ਹੋ ਗਈ। ਇਸ ਪਿੱਛੋਂ ਅਲਫਰੋਲੀ ਨੇ ਵੀ ਨਵਾਬ ਦੇ ਅਹਿਲਕਾਰਾਂ ਤੇ ਕੁਝ ਸਵਾਲ ਕੀਤੇ, ਪਰ ਉਹਨਾਂ ਵਿਚੋਂ ਕੋਈ ਵੀ ਉਹਨਾਂ ਸਵਾਲਾਂ ਦਾ ਤਸੱਲੀ-ਬਖਸ਼ ਉੱਤਰ ਨਾ ਦੇ ਸਕਿਆ। ਨਵਾਬ ਅਲਫਰੋਲੀ ਦੀ ਯੋਗਤਾ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਹਨੇ ਇਸ ਗਵੱਈਏ ਨੂੰ ਆਪਣੇ ਰਾਜ ਦਰਬਾਰ ਦਾ ਰੁਕਨ ਚੁਣ ਲਿਆ। ਇਸ ਉਪਰੰਤ ਨਵਾਬ ਨੇ ਅਲਫਰੋਲੀ ਦੇ ਮਾਣ ਵਿਚ ਇਕ ਸੰਗੀਤ ਸੰਮੇਲਨ ਦਾ ਪ੍ਰਬੰਧ ਕੀਤਾ। ਅਲਫਰੋਲੀ ਨੇ ਉਸ ਸੰਮੇਲਨ ਵਿਚ ਭਾਗ ਲੈਣ ਵਾਲੇ ਹਰ ਸੰਗੀਤਕਾਰ ਦੇ ਨੁਕਸ ਕੱਢੇ। ਇਸ ਤੇ ਨਵਾਬ ਨੇ ਵੀ ਅਲਫਰੋਲੀ ਨੂੰ ਆਪਣੀ ਸੰਗੀਤ ਸਬੰਧੀ ਨਿਪੁੰਨਤਾ ਦਾ ਸਬੂਤ ਦੇਣ ਲਈ ਕਿਹਾ। ਅਲਫਰੋਲੀ ਨੇ ਇਕ ਅਤਿ ਆਨੰਦਮਈ ਧੁਨ ਵਿਚ ਗਾਇਆ। ਸਭ ਸਰੋਤਿਆਂ ਦੇ ਮਨ ਆਨੰਦ ਵਿਚ ਆ ਕੇ ਝੂਮ ਉਠੇ। ਇਸ ਪਿੱਛੋਂ ਅਲਫਰੋਲੀ ਨੇ ਆਪਣੀ ਧੁਨ ਬਦਲੀ ਅਤੇ ਇਕ ਅਤਿ ਹਿਰਦੇਵੇਦਕ ਧੁਨ ਵਿਚ ਗਾਉਣਾ ਆਰੰਭ ਕੀਤਾ ਜਿਸ ਤੇ ਸਭ ਸਰੋਤਿਆਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਇਸ ਤੇ ਹੀ ਬੱਸ ਨਹੀਂ ਉਹਨੇ ਫੇਰ ਅਤਿ ਮਧੁਰ ਲੈਅ ਵਿਚ ਇਕ ਧੁਨ ਗਾਈ ਜਿਸ ਦੇ ਪ੍ਰਭਾਵ ਅਧੀਨ ਸਭ ਸਰੋਤੇ ਮੁੜ ਸ਼ਾਂਤ ਚਿਤ ਹੋ ਗਏ ਅਤੇ ਖੁਮਾਰੀ ਵਿਚ ਆ ਕੇ ਡੂੰਘੀ ਨੀਂਦੇ ਸੌਂ ਗਏ। ਇਸ ਪਿਛੋਂ ਅਲਫਰੋਲੀ ਸੰਮੇਲਨ ਵਿਚੋਂ ਹੌਲੀ ਜਿਹੀ ਉਠ ਕੇ ਚਲਾ ਗਿਆ।

ਸਭ ਦੇ ਮਨਾਂ 'ਤੇ ਇਸ ਅਨੋਖੇ ਸੰਗੀਤਕਾਰ ਦੀ ਨਿਪੁੰਨਤਾ ਦਾ ਡੂੰਘਾ ਪ੍ਰਭਾਵ ਪਿਆ।

★ ਯੂਨਾਨੀ ਮਿਥਿਹਾਸ ਵਿਚ ਦੇਵਤਾ ਅਪੋਲੋ ਮਨੁੱਖੀ ਮਨ ਦੀ ਇਕ ਅਤਿ ਸੁੰਦਰ ਅਤੇ ਅਦੁੱਤੀ ਘੜਤ ਹੈ। ਯੂਨਾਨੀ ਨਾਟਕਕਾਰ 'ਯੂਰਿਪਿਡੀਜ਼' ਨੇ ਆਪਣੇ ਪ੍ਰਸਿੱਧ ਨਾਟਕ 'ਅਲਸੈਸਟਿਸ' ਵਿਚ ਦੱਸਿਆ ਹੈ ਕਿ ਕਿਵੇਂ ਦੇਵਤਾ ਅਪੋਲੋ ਆਪਣੇ 'ਲਾਇਰ' ਨਾਮੀ ਸਾਜ਼ ਨੂੰ ਵਜਾ ਕੇ ਜੰਗਲੀ ਜੀਵਾਂ ਦੇ ਮਨਾਂ ਵਿਚੋਂ ਘ੍ਰਿਣਾ ਅਤੇ ਡਰ ਭੈਅ ਕੱਢ ਕੇ ਸ਼ਾਂਤੀ ਅਤੇ ਸਾਂਝੀਵਾਲਤਾ ਦੇ ਉੱਤਮ ਜਜ਼ਬਿਆਂ ਵਿਚ ਪਰੋ ਦਿੰਦਾ ਸੀ। ਇਹ ਕਹਾਣੀ ਉਹਨਾਂ ਆਤਮਾਵਾਂ ਦੇ ਸੁਪਨਿਆਂ ਦੀ ਪ੍ਰਤੀਕ ਹੈ ਜੋ ਦੁਨੀਆਂ ਵਿਚੋਂ ਡਰ ਭੈਅ ਅਤੇ ਘ੍ਰਿਣਾ ਕੱਢ ਕੇ ਇਸ ਨੂੰ ਸੱਚਮੁੱਚ ਸਵਰਗ ਵਿਚ ਢਾਲਣ ਦਾ ਸੁਫਨਾ ਲੈਂਦੀਆਂ ਹਨ।

ਇਸੇ ਤਰ੍ਹਾਂ ਭਾਰਤੀ ਰਾਗਣੀ ਟੋਡੀ ਬਾਰੇ ਪ੍ਰਸਿੱਧ ਹੈ ਕਿ ਜੇ ਉਹ ਕਿਸੇ ਜੰਗਲ ਬੀਆਬਾਨ ਵਿਚ ਵੀ ਗਾਈ ਵਜਾਈ ਜਾਏ ਤਾਂ ਉਥੋਂ ਦੇ ਸਭ ਜੀਵ ਜੰਤੂ ਜਾਦੂ ਵਾਂਗ ਕੀਲੇ ਜਾਂਦੇ ਹਨ। ★ ('ਅਜੀਤ' ਵਿੱਚੋਂ ਧੰਨਵਾਦ ਸਹਿਤ)

# ਆਸਾ ਦੀ ਵਾਰ ਦਾ ਲੜੀਵਾਰ ਵਿਚਾਰ

ਪ੍ਰੇਮ ਸਿੰਘ 'ਪ੍ਰੇਮ'

(ਪਿਛਲੇ ਅੰਕ ਮਾਰਚ 1991 ਤੋਂ ਅੱਗੇ)

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ।
ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ।
ਬਲਿਹਾਰੀ ਕੁਦਰਤਿ ਵਸਿਆ।
ਤੇਰਾ ਅੰਤੁ ਨ ਜਾਈ ਲਖਿਆ ।੧। ਰਹਾਉ।
ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ।
ਤੂੰ ਸਾਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ।
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿਆ ।੨।

ਵਿਆਖਿਆ :—ਉਪਰੋਕਤ ਸਲੋਕ ਗੁਰੂ ਗਰੰਥ ਸਾਹਿਬ ਦੇ ਅੰਕ 469 'ਤੇ ਆਸਾ ਰਾਗ ਵਿਚ ਦਰਜ ਹੈ ਅਤੇ ਇਨ੍ਹਾਂ ਦਾ ਭਾਵ ਅਸਚਰਜ ਰੂਪ ਦਿੰਦਾ ਹੈ : ਹੇ ਨਿਰੰਕਾਰ ਜੀਓ ਜਦੋਂ ਤੁਹਾਡੇ ਹੁਕਮ ਵਿਚ ਦੁੱਖ ਆਉਂਦਾ ਹੈ ਤਾਂ ਉਹ ਆਤਮਕ ਤੌਰ ਤੇ ਤੇਰੇ ਨਾਲ ਜੋੜਨ ਕਰਕੇ ਦਵਾ ਹੋ ਨਿਬੜਦਾ ਹੈ। ਜਦ ਅਸੀਂ ਲੋਕ ਸੁੱਖ ਵਾਸਤੇ ਸਾਧਨ ਇਕੱਠੇ ਕਰਦੇ ਹਾਂ ਤਾਂ ਉਹ ਤੇਰੇ ਨਾਲੋਂ ਤੋੜ ਕੇ ਰੋਗ ਹੋ ਨਿਬੜਦੇ ਹਨ। ('ਸੋ ਉਸ ਸੁਖ ਦਾ ਜੋ ਸੁੱਖ ਹੋ ਕੇ ਲੱਗੇ)। ਅਸਲ ਕਰਤਾ ਤੁਸੀਂ ਹੋ। ਅਸਲ ਸੁੱਖ ਕਰਤਾ ਦੇ ਨਾਮ ਨਾਲ ਜੁੜਣ ਵਿਚ ਹੀ ਹੈ। ਆਪਣੀ ਹਉਂ ਵਿਚ ਨਹੀਂ। ਹਉਮੈ ਵਿਚ ਕੀਤਾ ਕੰਮ ਸਦਾ ਦੁਖੀ ਹੀ ਕਰਦਾ ਹੈ। ਸੋ ਹੇ ਕਾਦਰ ਕਰਤਾ ਪੁਰਖ ਤੇਰੇ ਤੋਂ ਬਲਿਹਾਰ ਜਾਂਦਾ ਹਾਂ। ਤੇਰਾ ਅੰਤ ਤਾਂ ਕੀ ਤੇਰੀ ਕੁਦਰਤ ਦਾ ਸਾਰ ਵੀ ਅਸੀਂ ਨਹੀਂ ਪਾ ਸਕਦੇ। ਹਰ ਉਤਪਤ ਹੋਈ ਸ਼ੈਅ ਵਿਚ ਤੇਰੀ ਜੋਤ ਹੈ (ਤੇ ਤੇਰੀ ਜੋਤ ਵਿਚ ਹੀ ਇਹ ਸਭ ਉਤਪਤੀ ਹੋ ਰਹੀ ਹੈ) ਤੇਰੀ ਸਿਫਤ ਸਲਾਹ ਹੀ ਸਭ ਤੋਂ ਸੋਹਣੀ ਵਸਤੂ ਹੈ ਜਿਸ ਨੇ ਤੇਰੀ ਸਿਫਤ ਸਲਾਹ ਕੀਤੀ ਉਹ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ ਜਿਵੇਂ—

ਮੈਂ ਗੁਣ ਗਲਾ ਕੇ ਸਿਰਿ ਭਾਰ।
ਗਲੀ ਗਲਾਂ ਸਿਰਜਨਹਾਰ। ਆਸਾ ਮ: ੧)

ਭਾਵ ਹੇ ਮਨੁੱਖ ਉਸ ਕਰਤੇ ਦੀ ਸਿਫਤ ਸਲਾਹ ਕਰ ਉਸ ਦੇ ਕੀਤੇ ਦੀ ਪੜਚੋਲ ਨਾ ਕਰ। ਸੋ ਸਭ ਤੋਂ ਸ੍ਰੇਸ਼ਟ ਗੱਲ ਵਾਹਿਗੁਰੂ ਦੀ ਸਿਫਤ ਸਲਾਹ ਹੀ ਹੈ। ਹੇ ਨਾਨਕ ! ਜੋ ਕੁਝ (ਉਸਨੇ) ਕਰਨਾ ਹੁੰਦਾ ਹੈ ਉਹ ਹੀ ਹੁੰਦਾ ਹੈ।

ਮ: ੨। ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥

ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੩॥ ਮ: ੨॥
ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤਾ ਆਤਮਾ ॥
ਆਤਮਾ ਬਾਸ ਦੇਵਸਿ ਜੇ ਕੋ ਜਾਣੈ ਭੇਉ
ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ।੪।

ਵਿਆਖਿਆ :—ਜੋਗੀ ਲੋਕ ਗਿਆਨ ਨੂੰ ਹੀ ਧਰਮ ਕਹਿੰਦੇ ਹਨ ਤੇ ਬ੍ਰਾਹਮਣ ਵੇਦ ਅਭਿਆਸ ਨੂੰ ਧਰਮ ਸਮਝਦਾ ਹੈ। ਖਤਰੀਆਂ ਦਾ ਧਰਮ ਸੂਰਮਗਤੀ ਤੇ ਸੂਦਰਾਂ ਦਾ ਧਰਮ ਹੈ ਪਰਾਈ ਕਿਰਤ ਕਰਨੀ। ਪਰ ਸਰਬ ਧਰਮਾਂ ਸਿਰ ਧਰਮ ਇਕ ਸ਼ਬਦ 'ਨਾਮ' ਹੈ। ਜੇ ਕੋਈ ਇਸ (ਸ਼ਬਦ-ਬ੍ਰਹਮ) ਦਾ ਭੇਦ ਜਾਣਦਾ ਹੋਵੇ ਤਾਂ ਨਾਨਕ ਉਸ ਦਾ ਦਾਸ ਹੈ। ਕੇਵਲ ਉਹ ਹੀ ਪ੍ਰਕਾਸ਼ ਸਰੂਪ ਹੈ। ਇਕ ਅਕਾਲ ਪੁਰਖ ਸਾਰੇ (ਦੇਵਾ ਦੇਵ) ਦੇਵਤਿਆਂ ਦੀ ਪ੍ਰਕਾਸ਼ ਸਰੂਪ ਆਤਮਾ ਹੈ ਤੇ ਆਤਮਾ ਹੀ ਬ੍ਰਹਮ ਦਾ ਰੂਪ ਹੈ। ਜੋ ਇਸ ਨੂੰ ਜਾਣ ਤੇ ਮਾਣ ਲਵੇ ਉਹ ਹੀ ਪ੍ਰਕਾਸ਼ ਸਰੂਪ ਹੋ ਜਾਂਦਾ ਹੈ, ਜਿਵੇਂ ਭੈਰਉ ਰਾਗ ਵਿਚ ਦਰਜ ਹੈ :

ਆਤਮ ਮਹਿ ਰਾਮੁ ਰਾਮ ਮਹਿ ਆਤਮੁ
ਚੀਨਸੁ ਗੁਰ ਬੀਚਾਰਾ। (ਭੈਰਉ ਮ: ੧)

—0—

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭ ਨ ਹੋਇ।
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨ ਹੋਇ।੫।

ਅਰਥ :—ਇਸ ਦੋ ਸਤਰੇ ਸਲੋਕ ਵਿਚ ਸਾਹਿਬ ਜੀ ਨੇ ਕੁੱਜੇ ਵਿਚ ਸਮੁੰਦਰ ਬੰਦ ਕਰ ਰੱਖਿਆ ਹੈ। ਸਾਰੀ ਸ੍ਰਿਸ਼ਟੀ ਇੰਜ ਇਕ ਦੂਜੇ ਨਾਲ ਮਿਲੀ ਪਈ ਹੈ ਜਿਸ ਤਰ੍ਹਾਂ ਘੜੇ ਵਿਚ ਪਾਣੀ ਬੰਨਿਆ ਟਿਕਿਆ ਰਹਿੰਦਾ ਹੈ। ਪਰ ਘੜਾ ਪਾਣੀ ਦੀ ਵਰਤੋਂ ਬਗੈਰ ਬਣ ਹੀ ਨਹੀਂ ਸਕਦਾ। ਭਾਵ ਘੜੇ ਦੀ ਬਣਤਰ ਵਿਚ ਪਾਣੀ ਜਰੂਰੀ ਅੰਸ਼ ਹੈ। (ਦ੍ਰਿਸ਼ਟਾਤ) ਤਿਵੇਂ ਮਨ ਨੂੰ ਟਿਕਾਉਣ ਵਾਲੀ ਵਸਤੂ ਗਿਆਨ ਹੈ ਪਰ ਗਿਆਨ ਗੁਰੂ ਸ਼ਬਦ ਤੋਂ ਬਿਨ ਮਿਲ ਹੀ ਨਹੀਂ ਸਕਦਾ। ਸੋ ਸ਼ਬਦ ਹੀ ਗੁਰੂ ਹੈ ਜੋ ਗਿਆਨ ਦਾ ਕਰਤਾ ਹੈ, ਜਿਵੇਂ ਪਾਤਿਸਾਹੀ ੧੦ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ :—

ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ।੧।
(ਸ਼ਬਦ ਹਜਾਰੇ ਮ: ੧੦)

ਪਉੜੀ

ਪੜਿਆ ਹੋਵੈ ਗੁਨਾਗਾਰ ਤਾਂ ਓਮੀ ਸਾਧੁ ਨ ਮਾਰੀਐ ॥
ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥
ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥
ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥
ਮੁਹਿ ਚਲੈ ਸੁ ਅਗੈ ਮਾਰੀਐ ॥੧੨॥

ਵਿਆਖਿਆ :—ਇਸ 12ਵੀਂ ਪਉੜੀ (ਆਸਾ ਦੀ ਵਾਰ ਦਾ ਮੱਧ) ਵਿਚ ਤੁਕ ਆਈ ਹੈ :—

ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ।

ਪਉੜੀ ਤੋਂ ਪਹਿਲਾਂ ਜੋ ਪੰਜ ਸਲੋਕ ਰੱਖੇ ਗਏ ਹਨ ਉਹ ਜਾਚ ਦਸਦੇ ਹਨ ਦਰਗਾਹ ਵਿਚ ਜਾ ਕੇ ਜਿੱਤੇ ਹੋਇਆਂ ਵਿਚ ਗਿਣੇ ਜਾਣ ਦੀ। ਕਿਉਂਕਿ ਅੱਗੇ ਪੜ੍ਹੇ ਤੇ ਅਣਪੜ੍ਹ ਦਾ ਕੋਈ ਲਿਹਾਜ ਨਹੀਂ। ਉਥੇ ਤਾਂ ਕਰਨੀ ਵਾਚੀ ਜਾਣੀ ਹੈ ਅਤੇ ਓਸੇ ਹੀ 'ਕੈ ਕੀਰਤਿ ਵਾਚੀਐ' ਦੀ ਵਿਆਖਿਆ ਹੈ। ਪਹਿਲੇ ਪੰਜਾਂ ਸਲੋਕਾਂ ਵਿਚ ਪਿਛਲੀ 11ਵੀਂ ਪਉੜੀ ਵਿਚ ਉਹ ਪੁਰਖ ਦਸਦੇ ਹਨ ਜਿਹਨਾਂ ਨੇ ਆਪਣੇ ਆਪ ਨੂੰ ਗੁਆ ਲਿਆ ਖੋ ਲਿਆ ਹੈ ਉਹ ਕਿੰਕੁਰ ਸੰਵਰਦੇ ਹਨ।

ਸੁੱਖਾਂ ਵਿਚ ਮਸਤ ਹੋ ਕੇ ਜੀਵ ਪਾਪ ਕਰਦਾ ਮਾਨੋ ਰੋਗੀ ਹੋ ਜਾਂਦਾ ਹੈ। ਇਹ ਰੋਗ ਦੁੱਖ ਪਛਤਾਵਾ ਪੈਦਾ ਕਰਕੇ ਭੋਗਾਂ ਤੇ ਪਾਪਾਂ ਤੋਂ ਮੂੰਹ ਮੋੜ ਕੇ ਸ਼ੁਭ ਕਰਨੀ ਵੱਲ ਪ੍ਰੇਰਦੇ ਹਨ। ਇਸ ਉਲਟਵੇਂ ਅਸਰ ਨੂੰ ਵੇਖ ਕੇ ਕਾਦਰ ਤੋਂ ਜੋ ਕੁਦਰਤ ਵਿਚ ਵਸ ਰਿਹਾ ਹੈ, ਬੇਅੰਤ ਕਹਿਕੇ ਬਲਿਹਾਰ ਜਾਣਾ ਹੈ ਜੀਓ।

(ਚਲਦਾ)

# ਰਾਗਾਂ ਦੇ ਮੁੱਖ ਅੰਗ

(ਭਾਗ ਦੂਜਾ)

—ਬੇਦੀ ਲਾਲ ਸਿੰਘ ਸਾਹਿਤਕਾਰ

ਇਸ ਲੇਖ ਤੋਂ ਪਹਿਲਾਂ ਅਸੀਂ ਦੱਸ ਆਏ ਹਾਂ ਕਿ ਰਾਗ ਤੇ ਰਾਗਣੀ ਨਾਲ ਕਿਹੜੇ ਕਿਹੜੇ ਸੁਰ, ਗਰਾਮ ਤੇ ਥਾਨ ਹੁੰਦੇ ਹਨ ਜੋ ਸੰਗੀਤ ਦੇ ਮੁੱਖ ਅੰਗ ਹਨ। ਪਰ ਇਸ ਲੇਖ ਵਿਚ ਤਾਲੀ, ਤਾਲ ਲੈ ਮਾਤਰਾ ਤੇ ਠਾਠ ਅਤੇ ਸਾਮ ਵਰਨਣ ਬਾਰੇ ਅੰਕਿਤ ਕਰਦੇ ਹਾਂ। ਜਿਵੇਂ ਤਾਲੀ ਤੋਂ ਤਾਲ ਅਤੇ ਤਾਲ ਤੋਂ ਲੈ ਪੈਦਾ ਹੁੰਦੀ ਹੈ। ਹੁਣ ਇਸ ਬਾਰੇ ਵਿਸਤਾਰ ਨਾਲ ਪੜ੍ਹੋ :—

1. ਤਾਲੀ :—ਤਾਲੀ ਦੇ ਅਰਥ ਹਨ : ਦੋ ਚੀਜਾਂ ਦੇ ਆਪੋ ਵਿਚ ਟਕਰਾ ਤੋਂ ਜੋ ਜੁਸਰ ਪੈਦਾ ਹੁੰਦੀ ਹੈ, ਉਸ ਨੂੰ ਤਾਲੀ ਆਖਦੇ ਹਨ। ਇਸ ਦੀਆਂ ਦੋ ਕਿਸਮਾਂ ਹੁੰਦੀਆਂ ਹਨ ਜੋ ਸੰਗੀਤ ਆਚਾਰੀਆ ਨੇ ਮੰਨੀਆਂ ਹੋਈਆਂ ਹਨ। ਇਕ ਦਾ ਨਾਂ ਹੈ ਭਰੀ ਤਾਲੀ ਤੇ ਦੂਜੀ ਦਾ ਨਾਂ ਹੈ ਖਾਲੀ ਤਾਲੀ।

ੳ) ਭਰੀ ਤਾਲੀ :—ਕਿਸੇ ਤਾਲ ਦੀ ਨੀਯਤ ਹੋਈ ਥਾਂ ਤੇ ਠੋਕਰ ਲਾਈ ਜਾਵੇ ਤਾਂ ਉਸ ਨੂੰ ਭਰੀ ਤਾਲੀ ਆਖਦੇ ਹਨ।

ਅ) ਖਾਲੀ ਤਾਲੀ :—ਕਿਸੇ ਤਾਲ ਦੀ ਨੀਯਤ ਕੀਤੀ ਹੋਈ ਥਾਂ ਤੇ ਬਿਨਾਂ ਠੋਕਰ ਲਗਾਉਣ ਨੂੰ ਜਾਂ ਕੇਵਲ ਹੱਥ ਉਲਟਾਉਣ ਨੂੰ ਖਾਲੀ ਤਾਲੀ ਕਹਿੰਦੇ ਹਨ।

2. ਤਾਲ :—ਤਾਲੀਆਂ ਦੇ ਸਮੂਹਕ (ਇੱਕਠ) ਰੂਪ ਨੂੰ ਤਾਲ ਕਹਿੰਦੇ ਹਨ।

3. ਲੈ :—ਸਮੇਂ ਦੀ ਚਾਲ (ਗਤੀ) ਨੂੰ ਲੈ ਕਹਿੰਦੇ ਹਨ। ਲੈ ਵੀ ਤਿੰਨ ਪ੍ਰਕਾਰ ਦੀ ਹੁੰਦੀ ਹੈ।

ੳ) ਵਿਲਬੰਤ ਲੈ :—ਗਾਉਣ ਦੀ ਬਹੁਤੀ ਮੱਠੀ ਚਾਲ ਨੂੰ ਵਿਲਬੰਤ ਲੈ ਕਹਿੰਦੇ ਹਨ।

(ਅ) ਮੱਧ ਲੈ :—ਉਹ ਚਾਲ ਜੋ ਨਾ ਬਹੁਤੀ ਤੇਜ਼ ਹੋਵੇ ਤੇ ਨਾ ਹੀ ਬਹੁਤੀ ਮੱਠੀ ਹੋਵੇ, ਉਸ ਨੂੰ ਮੱਧ ਲੈ ਕਹਿੰਦੇ ਹਨ।

ੲ) ਦਰੁੱਤ ਲੈ :—ਤੇਜ਼ ਗਾਉਣ ਦੀ ਚਾਲ ਨੂੰ ਦਰੁੱਤ ਲੈ ਕਹਿੰਦੇ ਹਨ।

4. ਮਾਤਰਾ :—ਤਾਲ ਨੂੰ ਨਾਪਣ ਦੀ ਰੀਤੀ ਨੂੰ ਮਾਤਰਾ ਕਹਿੰਦੇ ਹਨ। ਇਹ ਕੇਵਲ ਇਕ ਸੈਕਿੰਡ ਦੀ ਹੁੰਦੀ ਹੈ।

5. ਸਮ :—ਸਮ ਨੂੰ ਗੁਰ ਵੀ ਕਹਿੰਦੇ ਹਨ। ਇਥੇ ਲੈ ਦਾ ਝੁਕਾ ਪੈਦਾ ਹੁੰਦਾ ਹੈ। ਇਥੇ ਇਕ ਅਜਿਹਾ ਝਟਕਾ ਲੱਗਦਾ ਹੈ ਕਿ ਸਰੋਤਿਆਂ ਦੀ ਧੌਣ ਆਪ ਮੁਹਾਰੇ ਹਿੱਲ ਜਾਂਦੀ ਹੈ ਤੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਹੈ 'ਆ ਹਾ'

ਰਾਗ ਤੇ ਰਾਗਨੀ ਦਾ ਜਾਤੀ ਭੇਦ :—

ਸੰਗੀਤ ਆਚਾਰੀਆਂ ਨੇ ਰਾਗ ਦੀਆਂ ਤਿੰਨ ਮੁੱਖ ਜਾਤੀਆਂ ਦੱਸੀਆਂ ਹਨ :—

1) ਆਡਵ (2) ਖਾਡਵ (3) ਸੰਪੂਰਨ

**ਆਡਵ** :—ਜਿਸ ਰਾਗ ਵਿਚ ਪੰਜ ਸੁਰ ਲੱਗਣ ਉਸ ਜਾਤੀ ਦੇ ਰਾਗ ਨੂੰ ਆਡਵ ਕਿਹਾ ਜਾਂਦਾ ਹੈ। ਇਸ ਦੇ ਵੀ ਆਪਣੇ ਤਿੰਨ ਪ੍ਰਕਾਰ ਹਨ :—

ੳ) **ਆਡਵ-ਆਡਵ** :—ਜਿਸ ਰਾਗ ਦੀ ਅਰੋਹੀ ਅਵਰੋਹੀ ਵਿਚ ਪੰਜ ਪੰਜ ਸੁਰ ਲੱਗਣ ਜਿਵੇਂ ਮਾਲਕੌਂਸ ਤੇ ਭੂਪਾਲ ਸਾਰੰਗ ਆਦਿ।

ਅ) **ਆਡਵ ਖਾਡਵ** : —ਜਿਸ ਰਾਗ ਦੀ ਆਰੋਹੀ ਵਿਚ ਪੰਜ ਤੇ ਅਵਰੋਹੀ ਵਿਚ ਛੇ ਸੁਰ ਲੱਗਣ, ਜਿਵੇਂ ਜੋਗੀਆ।

ੲ) **ਆਡਵ ਸੰਪੂਰਨ** : —ਜਿਸ ਰਾਗ ਦੀ ਆਰੋਹੀ ਵਿਚ ਪੰਜ ਤੇ ਅਵਰੋਹੀ ਵਿਚ ਸੱਤ ਸੁਰ ਲੱਗਣ ਜਿਵੇਂ ਗਉੜੀ ਸ੍ਰੀ ਰਾਗ, ਆਸਾਵਰੀ ਅਦਿ ਰਾਗ।

2. **ਖਾਡਵ** :—ਜਿਸ ਰਾਗ ਵਿਚ ਛੇ ਸੁਰ ਲੱਗਣ ਉਸ ਜਾਤੀ ਦੇ ਰਾਗ ਨੂੰ ਖਾਡਵ ਕਿਹਾ ਜਾਂਦਾ ਹੈ। ਇਸ ਦੇ ਵੀ ਤਿੰਨ ਪ੍ਰਕਾਰ (ਕਿਸਮਾਂ) ਹੁੰਦੇ ਹਨ।

ੳ) **ਖਾਡਵ-ਖਾਡਵ** :—ਜਿਸ ਰਾਗ ਦੀ ਆਰੋਹੀ ਅਵਰੋਹੀ ਦੋਹਾਂ ਵਿਚ ਛੇ ਛੇ ਸੁਰ ਲਗਣ ਉਸ ਨੂੰ ਖਾਡਵ ਖਾਡਵ ਰਾਗ ਕਿਹਾ ਜਾਂਦਾ ਹੈ, ਜਿਵੇਂ ਬੰਗਾਲ, ਭੈਰਵ, ਮਾਰਵਾ, ਪੂਰੀਆ ਆਦਿ।

ਅ) **ਖਾਡਵ-ਆਡਵ** :—ਇਸ ਵਿਚ ਅਰੋਹੀ ਦੇ ਛੇ ਸੁਰ ਤੇ ਅਵਰੋਹੀ ਦੇ ਪੰਜ ਸੁਰ ਲੱਗਦੇ ਹਨ।

ੲ) **ਖਾਡਵ-ਸੰਪੂਰਨ** :—ਜਿਸ ਰਾਗ ਦੀ ਆਰੋਹੀ ਵਿਚ ਛੇ ਸੁਰ ਅਤੇ ਅਵਰੋਹੀ ਵਿਚ ਸੱਤ ਸੁਰ ਲੱਗਣ ਜਿਵੇਂ ਜੌਨ ਪੁਰੀ ਸ਼ਾਮ ਕਲਿਆਣ ਖਮਾਜ ਆਦਿ।

3. **ਸੰਪੂਰਨ** :—ਜਿਸ ਰਾਗ ਦੀ ਆਰੋਹੀ ਵਿਚ ਸਤ ਸੁਰ ਲੱਗਣ ਉਸ ਜਾਤੀ ਦੇ ਰਾਗ ਨੂੰ ਸੰਪੂਰਣ ਕਿਹਾ ਜਾਦਾ ਹੈ। ਇਹ ਤਿੰਨ ਪ੍ਰਕਾਰ ਦੇ ਹੁੰਦੇ ਹਨ :

ੳ) **ਸੰਪੂਰਨ ਆਡਵ** :—ਜਿਸ ਰਾਗ ਦੀ ਅਰੋਹੀ ਵਿਚ ਸੱਤ ਸੁਰ ਤੇ ਅਵਰੋਹੀ ਵਿਚ ਪੰਜ ਸੁਰ ਲੱਗਣ ਉਸ ਨੂੰ ਸੰਪੂਰਨ ਆਡਵ ਕਹਿੰਦੇ ਹਨ ਜਿਵੇਂ ਦੇਵ ਗਿਰੀ, ਨਟ ਆਦਿ।

ਅ) **ਸੰਪੂਰਨ ਖਾਡਵ** : ਜਿਸ ਰਾਗ ਦੀ ਅਰੋਹੀ ਵਿਚ ਸੱਤ ਸੁਰ ਅਤੇ ਅਵਰੋਹੀ ਵਿਚ ਛੇ ਸੁਰ ਲੱਗਣ ਉਹ ਸੰਪੂਰਨ ਖਾਡਵ ਹੈ ਜਿਵੇਂ ਦਰਬਾਰੀ, ਕਾਨੜਾ, ਅਡਾਨਾ ਆਦਿ।

ੲ) **ਸੰਪੂਰਨ ਸੰਪੂਰਨ** :—ਜਿਸ ਰਾਗ ਦੀ ਅਰੋਹੀ ਅਵਰੋਹੀ ਦੋਹਾਂ ਵਿਚ ਸੱਤ ਸੱਤ ਸੁਰ ਲੱਗਣ ਜਿਵੇਂ ਕਲਿਆਣ, ਬਿਲਾਵਲ, ਟੋਡੀ, ਕਲਿੰਗੜਾ, ਭੈਰਵ, ਝੰਝੋਟੀ ਆਦਿ।

## ਠਾਠ ਦੇ ਨਿਯਮ

1. ਠਾਠ ਸੱਤ ਸੁਰਾਂ ਤੋਂ ਪੈਦਾ ਹੁੰਦੀ ਹੈ। ਇਸ ਤੋਂ ਘੱਟ ਸੁਰਾਂ ਦਾ ਠਾਠ ਨਹੀਂ ਕਿਹਾ ਜਾਂਦਾ। ਰਾਗ ਵਿਚ ਸੱਤ ਸੁਰਾਂ ਤੋਂ ਘੱਟ ਵੀ ਸੁਰਾਂ ਹੋ ਸਕਦੀਆਂ ਹਨ। ਪਰ ਠਾਠ ਵਿਚ ਸੱਤ ਹੀ ਸੁਰਾਂ ਲੱਗਦੀਆਂ ਹਨ।

2. ਠਾਠ ਵਿਚ ਸੱਤ ਸੁਰਾਂ ਦਾ ਕ੍ਰਮਵਾਰ ਹੋਣਾ ਵੀ ਜ਼ਰੂਰੀ ਹੈ। (ਸਾ, ਰੇ, ਗਾ, ਮਾ, ਪਾ, ਧਾ, ਨੀ)

3. ਠਾਠ ਵਿਚ ਅਰੋਹੀ ਤੇ ਅਵਰੋਹੀ ਦੀ ਹੋਂਦ ਜਰੂਰੀ ਨਹੀਂ।

ਠਾਠ ਦੇ ਗਿਆਰਾਂ ਪ੍ਰਕਾਰ ਹਨ

1. ਬਿਲਾਵਲ ਠਾਠ :—ਇਸ ਠਾਠ ਵਿਚੋਂ 45 ਰਾਗ ਤੇ ਰਾਗਣੀਆਂ ਪੈਦਾ ਹੁੰਦੀਆਂ ਹਨ।

2. ਕਲਿਆਣ ਠਾਠ :—ਇਸ ਠਾਠ 'ਚੋਂ 51 ਰਾਗ ਤੇ ਰਾਗਣੀਆਂ ਪੈਦਾ ਹੁੰਦੀਆਂ ਹਨ।

3. ਖਮਾਜ ਠਾਠ :-ਇਸ ਠਾਠ ਵਿਚੋਂ 23 ਰਾਗ ਤੇ ਰਾਗਣੀਆਂ ਪੈਦਾ ਹੁੰਦੀਆਂ ਹਨ।

4. ਮਾਰਵਾ ਠਾਠ :—ਇਸ ਠਾਠ 'ਚੋਂ 17 ਰਾਗ ਰਾਗਣੀਆਂ ਜੰਮਦੀਆਂ ਹਨ।

5. ਭੈਰਵ ਚਾਠ :—ਇਸ ਠਾਠ 'ਚੋਂ 22 ਰਾਗ ਤੇ ਰਾਗਣੀਆਂ ਪੈਂਦਾ ਹੁੰਦੀਆਂ ਹਨ।

6. ਕਾਫੀ ਠਾਠ :—ਇਸ ਠਾਠ 'ਚੋਂ 68 ਰਾਗ ਤੇ ਰਾਗਣੀਆਂ ਪੈਦਾ ਹੁੰਦੀਆਂ ਹਨ।

7. ਠਾਠ ਪੂਰਬੀ :—ਇਸ ਠਾਠ 'ਚੋਂ 22 ਰਾਗ ਤੇ ਰਾਗਣੀਆਂ ਪੈਦਾ ਹੁੰਦੀਆਂ ਹਨ।

8. ਆਸਾਵਰੀ ਠਾਠ :—ਇਸ ਵਿਚੋਂ 19 ਰਾਗ ਤੇ ਰਾਗਣੀਆਂ ਜੰਮਦੀਆਂ ਹਨ।

9. ਟੋਡੀ ਠਾਠ :—ਇਸ ਠਾਠ 'ਚੋਂ ਕੇਵਲ 8 ਰਾਗ ਤੇ ਰਾਗਣੀਆਂ ਪੈਦਾ ਹੁੰਦੀਆਂ ਹਨ।

10. ਭੈਰਵੀ ਠਾਠ :—ਇਸ ਠਾਠ ਚੋਂ 14 ਰਾਗ ਤੇ ਰਾਗਣੀਆਂ ਪੈਦਾ ਹੁੰਦੀਆਂ ਹਨ।

11. ਵਾਰਸਪਤੀ ਠਾਠ :—ਇਹ ਠਾਠ ਗਵਾਲੀਅਰ ਦਰਬਾਰ ਦੇ ਪ੍ਰਸਿੱਧ ਸੰਗੀਤ ਅਚਾਰੀਆ ਸ੍ਰੀ ਬਾਲਾ ਰਾਓ ਉਮੈਡਗਰ ਜੀ ਨੇ ਆਪਣੇ ਸੁਪ੍ਰਸਿੱਧ ਸੰਗੀਤ ਗ੍ਰੰਥ 'ਸੁਖਨ ਮਾਲਾ' ਵਿਚ ਲਿਖਿਆ ਹੈ ਜਿਸ ਚੋਂ ਕੇਵਲ ਦੋ ਰਾਗ ਹੀ ਨਿਕਲਦੇ ਹਨ :

1. ਚੰਪਾਕਲੀ 2. ਸਰਸਵਤੀ

ਹਰ ਠਾਠ ਨੂੰ ਸੱਤ ਹੀ ਸੁਰ ਲਗਦੇ ਹਨ।

ਸਾ, ਰੇ, ਗਾ, ਮਾ, ਪਾ, ਧਾ, ਨੀ।

ਅਗਲੇ ਲੇਖ ਵਿਚ ਇਹਨਾਂ ਗਿਆਰਾਂ ਠਾਠਾਂ ਦੇ ਸ਼ੁਧ ਬਣਾਉਣ ਦਾ ਤਰੀਕਾ ਲਿਖਾਂਗੇ। ਰਾਗੀ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਰਾਗ ਦੀ ਅਹਿਮੀਅਤ ਨੂੰ ਸਮਝ ਕੇ ਫਿਰ ਉਸ ਨੂੰ ਸਮੇਂ ਦੇ ਅਨੁਕੂਲ ਗਾਇਨ ਕਰਨ। ਬਿਨਾਂ ਸਮੇਂ ਦੇ ਰਾਗਾਂ ਦੀ ਆਪੱਤੀ ਹੁੰਦੀ ਹੈ। ਅਜ ਮਨ ਮਰਜ਼ੀ ਦੇ ਰਾਗ ਸਮੇਂ ਵਿਰੁੱਧ ਗਾਏ ਜਾ ਰਹੇ ਹਨ ਇਹਨਾਂ ਨੂੰ ਅਜਿਹਾ ਕਰਨ ਤੋਂ ਬੰਦ ਕਰਨਾ ਚਾਹੀਦਾ ਹੈ।

# ਰਾਗ ਸਾਰੰਗ

—ਕਰਨਬੀਰ ਕੌਰ

ਭਾਰਤੀ ਸੰਗੀਤ ਵਿਚ ਰਾਗ ਸਾਰੰਗ ਕਈ ਸਦੀਆਂ ਤੋਂ ਪ੍ਰਚਲਿਤ ਹੈ। ਇਹ ਇਕ ਸਰਲ, ਮਧੁਰ ਅਤੇ ਲੋਕ ਪ੍ਰਿਯ ਰਾਗ ਹੈ। ਇਸ ਰਾਗ ਦੀ ਪ੍ਰਸਿੱਧਤਾ ਇੰਨੀ ਜ਼ਿਆਦਾ ਹੈ ਕਿ ਹਰ ਪ੍ਰਾਂਤ ਦੇ ਲੋਕ ਇਸ ਰਾਗ ਤੋਂ ਪ੍ਰਭਾਵਿਤ ਹਨ। ਕਈ ਵਿਦਵਾਨ ਤਾਂ ਇਹ ਵੀ ਕਹਿੰਦੇ ਹਨ ਕਿ ਇਸ ਰਾਗ ਦੀ ਰਚਨਾ ਉੱਤਰ ਪ੍ਰਦੇਸ਼ ਦੇ ਇਕ ਲੋਕ-ਗੀਤ ਤੇ ਅਧਾਰਿਤ ਹੈ। ਵੈਸੇ ਬਹੁਤ ਸਾਰੀਆਂ ਲੋਕ ਧੁਨਾਂ ਇਸ ਰਾਗ ਤੇ ਆਧਾਰਿਤ ਹਨ। ਇਥੋਂ ਤੱਕ ਕਿ ਇਸ ਰਾਗ ਦੇ ਸੁਰ ਸਪੇਰਾ ਬੀਨ ਉੱਤੇ ਵਜਦੇ ਸੁਣਦੇ ਹਨ।

ਗ੍ਰੰਥਕਾਰਾਂ ਨੇ ਰਾਗ ਸਾਰੰਗ ਦਾ ਜਨਮ ਥਾਟ ਕਾਫੀ ਤੋਂ ਮੰਨਿਆ ਹੈ। ਪਰ ਕਈ ਵਿਦਵਾਨ ਇਸ਼ ਰਾਗ ਨੂੰ ਖਮਾਜ ਥਾਟ ਦਾ ਰਾਗ ਮੰਨਦੇ ਹਨ। ਪਰ ਰਾਗ ਸਾਰੰਗ ਨੂੰ ਕਾਫ਼ੀ ਥਾਟ ਦਾ ਰਾਗ ਮੰਨਣਾ ਉਚਿਤ ਹੈ ਕਿਉਂਕਿ ਕਿਸੇ ਵੀ ਰਾਗ ਦਾ ਥਾਟ ਨਿਸਚਿਤ ਕਰਨ ਲਈ ਸੁਰਾਂ ਤੋਂ ਮਹੱਤਵਪੂਰਣ ਉਸ ਰਾਗ ਦਾ ਸਰੂਪ ਹੁੰਦਾ ਹੈ। ਸਰੂਪ ਦੀ ਦ੍ਰਿਸ਼ਟੀ ਤੋਂ ਇਹ ਰਾਗ ਖ਼ਮਾਜ ਥਾਟ ਦੇ ਮੁਕਾਬਲੇ ਕਾਫੀ ਥਾਟ ਦੇ ਜ਼ਿਆਦਾ ਨੇੜੇ ਹੈ। ਇਸ ਰਾਗ ਦੇ ਕਈ ਪ੍ਰਕਾਰ ਹਨ ਜਿਵੇਂ :—ਸ਼ੁਧ ਸਾਰੰਗ, ਮੀਆਂ ਦੀ ਸਾਰੰਗ, ਗੌਂਡ ਸਾਰੰਗ, ਮਦਮਾਦ ਸਾਰੰਗ, ਸਾਮੰਤ ਸਾਰੰਗ, ਨੂਰ ਸਾਰੰਗ, ਵਡਹੰਸ ਸਾਰੰਗ, ਜਲਧਰ ਸਾਰੰਗ ਆਦਿ। ਵਿਦਵਾਨਾਂ ਨੇ ਸਾਰੰਗ ਦਾ ਮੁੱਖ ਅੰਗ 'ਨੀ ਪ ਮ ਰੇ' ਮੰਨਿਆ ਹੈ। ਇਨ੍ਹਾਂ ਚਾਰ ਸੁਰਾਂ ਦੇ ਆਧਰ ਤੇ ਸਾਰੰਗ ਦਾ ਰੂਪ ਸਥਾਪਿਤ ਕੀਤਾ ਜਾਂਦਾ ਹੈ।

ਇਸ ਰਾਗ ਵਿਚ ਦੋਨੋਂ ਨਿਸ਼ਾਦ ਅਤੇ ਗੰਧਾਰ, ਧੈਵਤ ਵਰਜਿਤ ਸਵਰ ਹਨ ਅਤੇ ਬਾਕੀ ਸਾਰੇ ਸਵਰ ਸ਼ੁੱਧ ਲਗਦੇ ਹਨ। ਆਰੋਹ ਵਿਚ ਨਿਸ਼ਾਦ ਸ਼ੁਧ ਪਰ ਅਵਰੋਹ ਵਿਚ ਨਿਸ਼ਾਦ ਕੋਮਲ ਵਰਤਿਆ ਜਾਂਦਾ ਹੈ। ਇਸ ਰਾਗ ਦੀ ਜਾਤੀ ਔੜਵ-ਔੜਵ ਹੈ। ਇਸ ਰਾਗ ਦਾ ਵਾਦੀ ਸਵਰ ਰਿਸ਼ਭ ਅਤੇ ਸੰਵਾਦੀ ਸਵਰ ਪੰਚਮ ਹੈ। ਇਸ ਰਾਗ ਨੂੰ ਪੂਰਵਾਂਗ ਵਾਦੀ ਰਾਗ ਕਿਹਾ ਜਾਂਦਾ ਹੈ। ਇਸ ਰਾਗ ਦੇ ਗਾਉਣ ਅਤੇ ਵਜਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਅਰਥਾਤ ਦੁਪਹਿਰ ਹੈ। ਕਈ ਕਲਾਕਾਰ ਜਾਂ ਸਾਧਾਰਣ ਬੋਲ ਚਾਲ ਦੀ ਭਾਸ਼ਾ ਵਿਚ ਸਾਰੰਗ ਦਾ ਅਰਥ ਬਿਰੰਦਾਬਨੀ ਸਾਰੰਗ ਲੈਂਦੇ ਹਨ। ਲੋਕ ਗੀਤਾਂ ਤੋਂ ਇਲਾਵਾ ਸ਼ਾਸਤਰੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਜਿਵੇਂ ਵੱਡਾ ਖਿਆਲ ਛੋਟਾ ਖਿਆਲ ਤਰਾਨਾ ਆਦਿ ਗਾਇਆ ਜਾਂਦਾ ਹੈ। ਇਸ ਰਾਗ ਵਿਚ ਠੁਮਰੀ ਨਹੀਂ ਗਾਈ ਜਾਂਦੀ।

ਇਸ ਰਾਗ ਦੀ ਪ੍ਰਾਕ੍ਰਿਤੀ ਚੰਚਲ ਹੈ। ਇਸ ਰਾਗ ਦਾ ਸਮ ਪ੍ਰਾਕ੍ਰਿਤਕ ਰਾਗ ਸੂਰ ਮਲਾਰ ਹੈ। ਇਸ ਰਾਗ ਦੇ ਨਿਆਸ ਸਵਰ ਸ, ਰੇ, ਪ ਹਨ। ਇਸ ਰਾਗ ਵਿਚ ਮ ਰੇ, ਮ ਰੇ ਮ ਧ ਰੇ, ਨੀ ਪ ਮ ਰੇ, ਪ, ਰੇ ਮ ਰੇ ਆਦਿ ਸਵਰਾਂ ਦੀ ਸੰਗਤ ਬਹੁਤ ਸੁੰਦਰ ਲਗਦੀ ਹੈ। ਇਸ ਰਾਗ ਦਾ ਵਿਸਥਾਰ ਮੱਧ ਸਪਤਕ ਤੋਂ ਤਾਰ ਸਪਤਕ ਵਿਚ ਹੁੰਦਾ ਹੈ।

# ਸਾਰੰਗ ਮਹਲਾ ੫

—ਕਰਨਬੀਰ ਕੌਰ

ਆਰੋਹ—ਸ ਰੇ ਮ ਪ ਨੀ ਸਂ

ਅਵਰੋਹ—ਸਂ ਨੀ̲ ਪ ਮ ਰੇ ਸ

ਪਕੜ—ਨ਼ੀ ਸ ਰੇ, ਮ ਰੇ, ਪ ਮ ਰੇ, ਸ

ਮਧ ਲੈਅ ਤਿੰਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | | | | | | |
| | | | | | | ਨ਼ੀ | ਸ | ਰੇ | ਮ | ਪ | ਨੀ̲ | ਪ | ਮ | ਰੇ | ਸ |
| | | | | | | ਮਾ | ਈ | ਰੀ | S | ਮ | ਨ਼ | ਮੇ | S | ਰੋ | S |
| ਰੇ | — | ਰੇ | ਨ਼ੀ | ਸ | ਸ | — | — | ਪ਼ | ਪ਼ | ਨ਼ | ਨ਼ੀ | ਸ | ਸ | ਸ | ਸ |
| ਮ | S | ਤ | ਵਾ | ਰੋ | S | S | S | ਪੇ | S | ਖਿ | ਦ | ਇਆ | S | ਲ | ਅ |
| ਰੇ | ਮ | ਪ | ਨੀ̲ | ਪ | ਮ | ਪ | ਪ | ਪ | ਸਂ | ਨੀ | ਸਂ | — | ਸਂ | ਪ | ਨੀ̲ |
| ਨ | ਦ | ਸੁ | ਖ | ਪੂ | S | ਰ | ਨ | ਹ | ਰਿ | ਰ | ਸਿ | S | ਰ | ਪਿ | ਓ |
| ਪ | ਨੀ̲ | ਨੀ̲ | ਨੀ̲ | ਪ | ਮ | ਰੇ | ਸ | | | | | | | | |
| ਖੁ | ਮਾ | S | ਰੋ | S | S | ਮਾ | ਈ | | | | | | | | |
| × | | | | 2 | | | | 0 | | | | 3 | | | |
| ਅੰਤਰਾ | | | | | | | | | | | | | | | |
| | | | | | | | | ਮ | ਮ | ਮ | ਮ | ਪ | ਪ | ਨੀ | — |
| | | | | | | | | ਨਿ | ਰ | ਮ | ਲ | ਭ | ਏ | ਉ | S |
| ਸਂ | ਸਂ | ਸਂ | ਸਂ | ਰੇਂ | ਨੀ | ਸਂ | ਸਂ | ਨੀ | ਨੀ | ਨੀ | ਨੀ | ਸਂ | ਸਂ̲ | ਸਂ | ਸਂ |
| ਜ | ਲ | ਜ | ਸ | ਗਾ | S | ਵ | ਤ | ਬ | ਹੁ | ਰਿ | ਨ | ਹੋ | S | ਵ | ਤ |
| ਨੀ | ਸਂ | ਰੇਂ | ਸਂ | ਨੀ̲ | — | ਪ | — | ਪ | ਸਂ | ਨੀ | ਸਂ | ਸਂ | ਸਂ | ਪ | ਨੀ̲ |
| ਕਾ | S | S | S | ਰੋ | S | S | S | ਚ | ਰ | ਨ | ਕ | ਮ | ਲ | ਸਿ | ਉ |
| ਪ | ਨੀ̲ | — | ਨੀ̲ | ਪ | ਮ | ਰੇ | ਸ | ਰੇ | ਮ | ਪ | ਨੀ̲ | ਪ | ਮ | ਰੇ | ਸ |
| ਡੋ | S | S | ਰੀ | ਰਾ | S | ਚੀ | S | ਭੇ | S | ਟਿ | ਓ | ਪੁ | ਰ | ਖੁ | ਅ |
| ਰੇ | — | — | ਨ਼ੀ | ਸ | — | ਨ਼ੀ | ਸ | | | | | | | | |
| ਪਾ | S | S | S | ਰੋ | S | ਮਾ | ਈ | | | | | | | | |
| × | | | | 2 | | | | 0 | | | | 3 | | | |

ਬਾਕੀ ਅੰਤਰੇ ਵੀ ਇਸੇ ਤਰਾਂ ਹਨ ।

# ਰਾਗ ਸਾਰੰਗ ਸ਼ਬਦ ਅਰਥ

ਮਾਈ ਰੀ ਮਨੁ ਮੇਰੋ ਮਤਵਾਰੋ ॥
ਪੇਖਿ ਦਇਆਲ ਅਨਦ ਸੁਖ ਪੂਰਨ, ਹਰਿ ਰਸਿ ਰਪਿਓ ਖੁਮਾਰੋ ॥੧॥ਰਹਾਉ॥
ਨਿਰਮਲ ਭਏ ਊਜਲ ਜਸੁ ਗਾਵਤ, ਬਹੁਰਿ ਨ ਹੋਵਤ ਕਾਰੋ ॥
ਚਰਨ ਕਮਲ ਸਿਉ ਡੋਰੀ ਰਾਚੀ, ਭੇਟਿਓ ਪੁਰਖੁ ਅਪਾਰੋ ॥੧॥
ਕਰੁ ਗਹਿ ਲੀਨੇ ਸਰਬਸੁ ਦੀਨੇ, ਦੀਪਕ ਭਇਓ ਉਜਾਰੋ ॥
ਨਾਨਕ ਨਾਮਿ ਰਸਿਕ ਬੈਰਾਗੀ, ਕੁਲਹ ਸਮੂਹਾਂ ਤਾਰੋ ॥੨॥੮੭॥੧੧੦॥

**ਅਰਥ** :—ਮੇਰਾ ਮਨ (ਪ੍ਰਭੂ ਦੇ ਦੀਦਾਰ ਵਿਚ) ਮਸਤ ਹੋ ਰਿਹਾ ਹੈ। ਉਸ ਦਇਆ ਦੇ ਸੋਮੇ ਪ੍ਰਭੂ ਦਾ ਦਰਸ਼ਨ ਕਰਕੇ ਮੇਰੇ ਅੰਦਰ ਪੂਰਨ ਤੌਰ ਤੇ ਆਤਮਕ ਆਨੰਦ ਸੁੱਖ ਬਣਿਆ ਹੋਇਆ ਹੈ, ਮੇਰਾ ਮਨ ਪ੍ਰੇਮ ਰਸ ਨਾਲ ਰੰਗਿਆ ਗਿਆ ਹੈ ਤੇ ਮਸਤ ਹੈ।੧।ਰਹਾਉ।

ਹੇ ਮਾਂ ! ਪਰਮਾਤਮਾ ਦਾ ਜਸ ਗਾਂਦਿਆਂ ਜਿਸ ਮਨੁੱਖ ਦਾ ਮਨ ਨਿਰਮਲ ਉੱਜਲ ਹੋ ਜਾਂਦਾ ਹੈ, ਉਹ ਮੁੜ (ਵਿਕਾਰਾਂ ਨਾਲ) ਕਾਲਾ ਨਹੀਂ ਹੁੰਦਾ। ਸਿਫਤਿ ਸਾਲਾਹ ਦੀ ਬਰਕਤਿ ਨਾਲ ਜਿਸ ਮਨੁੱਖ ਦੇ ਮਨ ਦੀ ਡੋਰ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਜੁੜਦੀ ਹੈ, ਉਸ ਨੂੰ ਬੇਅੰਤ ਪ੍ਰਭੂ ਮਿਲ ਪੈਂਦਾ ਹੈ।੧।

ਹੇ ਮਾਂ ! ਜਿਸ ਮਨੁੱਖ ਦਾ ਹੱਥ ਫੜ ਕੇ ਪ੍ਰਭੂ ਉਸ ਨੂੰ ਆਪਣਾ ਬਣਾ ਲੈਂਦਾ ਹੈ, ਉਸ ਨੂੰ ਸਭ ਕੁਝ ਬਖਸ਼ਦਾ ਹੈ, ਉਸ ਦੇ ਅੰਦਰ (ਨਾਮ ਦੇ) ਦੀਵੇ ਦਾ ਚਾਨਣ ਹੋ ਜਾਂਦਾ ਹੈ। ਹੇ ਨਾਨਕ ! ਪਰਮਾਤਮਾ ਦੇ ਨਾਮ ਵਿਚ ਪ੍ਰੀਤ ਪ੍ਰੇਮ ਜੋੜਨ ਵਾਲਾ ਮਨੁੱਖ ਆਪਣੀਆਂ ਸਾਰੀਆਂ ਕੁਲਾਂ ਨੂੰ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ। ੨।੮੭।੧੧੦।

# ਗੁਰਬਾਣੀ ਸੰਗੀਤ ਤੇ ਗੁਰਮਤਿ ਸਮਾਚਾਰ

ਕੈਸੇਟ ਰਿਵੀਊ

## 'ਆਗਿਆ ਭਈ ਅਕਾਲ ਕੀ'

ਗੁਰਬਾਣੀ ਦੀਆਂ ਕੈਸਟਾਂ ਦੇ ਪਿੜ ਅੰਦਰ ਨਿਸ਼ਕਾਮ ਕੀਰਤਨੀਆਂ ਵੱਲੋਂ ਰਿਕਾਰਡ ਕੀਤੇ ਸ਼ਬਦ ਘੱਟ ਹੀ ਸੁਣਨ ਨੂੰ ਮਿਲਦੇ ਹਨ। ਬਹੁਤਾ ਕਰਕੇ ਪ੍ਰਸਤਾਵਤ ਰਾਗੀ ਸਿੰਘਾਂ ਦੇ ਨਾਵਾਂ ਤੇ ਹੀ ਜ਼ੋਰ ਚਲਦਾ ਹੈ। ਪਿਛਲੇ ਦਿਨੀਂ 'ਸਰਬ ਸਾਂਝੀ ਗੁਰਬਾਣੀ' ਵੱਲੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕੇਂਦਰੀ ਕੀਰਤਨੀ ਜਥੇ ਦੀ ਕੈਸਟ 'ਆਗਿਆ ਭਈ ਅਕਾਲ ਕੀ' ਰਿਲੀਜ਼ ਕੀਤੀ ਗਈ ਹੈ। ਇਸ ਵਿਚ ਪੰਜਾਬ ਖੇਤੀਬਾੜੀ ਵਰਸਿਟੀ ਦੇ ਡਾ: ਚਰਨਕਮਲ ਸਿੰਘ, ਖਾਲਸਾ ਕਾਲਜ ਗੁਰੂਸਰ ਸੁਧਾਰ ਦੇ ਪ੍ਰੋ: ਬਲਵਿੰਦਰਪਾਲ ਸਿੰਘ, ਵਪਾਰੀ ਸ: ਰਵਿੰਦਰ ਸਿੰਘ ਅਤੇ ਸ: ਸਵਰਨ ਸਿੰਘ ਨੇ ਸੱਤ ਸ਼ਬਦਾਂ ਦਾ ਗਾਇਣ ਕੀਤਾ ਹੈ।

ਕੈਸਟ ਦੀ 'ਏ' ਸਾਈਡ ਦਾ ਪਹਿਲਾ ਸ਼ਬਦ 'ਹੇ ਗੋਬਿੰਦ, ਹੇ ਗੋਪਾਲ ਹੇ ਦਇਆਲ ਲਾਲ' ਰਾਗ ਭੈਰਵ ਵਿਚ ਬੜੇ ਹੀ ਖ਼ੂਬਸੂਰਤ ਅਲਾਪ ਨਾਲ ਗਾਇਆ ਗਿਆ ਹੈ, ਜਿਸ ਨੂੰ ਸੁਣਦਿਆਂ ਰਾਗ ਦੀ ਸਮਝ ਨਾ ਰੱਖਣ ਵਾਲਾ ਸਰੋਤਾ ਵੀ ਇਕ ਸਰੋਦੀ ਵਹਿਣ ਵਿਚ ਵਹਿ ਨਿਕਲਦਾ ਹੈ। ਦੂਸਰਾ ਸ਼ਬਦ 'ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੋ' ਅਤੇ ਤੀਸਰਾ ਸ਼ਬਦ 'ਮੇਰਾ ਬੈਦ ਗੁਰੂ ਗੋਵਿੰਦਾ' ਵੀ ਸਰੋਤਿਆਂ ਦੇ ਕੰਨਾਂ ਨੂੰ ਮੱਲੋਮਲੀ ਆਪਣੇ ਵੱਲ ਖਿੱਚਦਾ ਹੈ।

'ਬੀ' ਸਾਈਡ ਵਿਚ ਕੈਸਟ ਦਾ ਚੌਥਾ ਸ਼ਬਦ 'ਘੋਲਿ ਘੁਮਾਈ ਲਾਲਨਾ' ਵੀ ਰਾਗ ਤੁਖਾਰੀ ਉੱਤੇ ਅਧਾਰਤ ਹੈ। ਪੰਜਵਾਂ ਸ਼ਬਦ 'ਪ੍ਰਭ ਜੀਉ ਤੂ ਮੇਰੇ ਸਾਹਿਬ ਦਾਤਾ' ਅਤੇ ਛੇਵਾਂ ਸ਼ਬਦ 'ਲਖ ਖੁਸੀਆਂ ਪਾਤਸਾਹੀਆਂ' ਹੈ। ਸਤਵਾਂ ਸ਼ਬਦ 'ਆਗਿਆ ਭਈ ਅਕਾਲ ਕੀ' ਵੀ ਬੜੇ ਸੁਰਮਈ ਅੰਦਾਜ਼ ਨਾਲ ਭਰਿਆ ਹੋਇਆ ਹੈ।

ਸ਼ਬਦ ਗਾਇਣ ਵਿਚ ਹਾਰਮੋਨੀਅਮ ਬੜੀ ਹੀ ਕੁਸ਼ਲਤਾ ਅਤੇ ਪ੍ਰਵੀਨਤਾ ਨਾਲ ਵਜਾਇਆ ਗਿਆ ਹੈ। ਤਬਲੇ ਦੀ ਲੈਅ ਨੇ ਰਾਗ ਦੇ ਸੁਰਾਂ ਨੂੰ ਬੰਨ੍ਹਣ ਵਿਚ ਕੋਈ ਕਸਰ ਨਹੀਂ ਛੱਡੀ। ਭਾਵੇਂ ਇਹ ਸਟੱਡੀ ਸਰਕਲ ਦੇ ਕੇਂਦਰੀ ਕੀਰਤਨੀ ਜਥੇ ਦੀ ਪਹਿਲੀ ਕੈਸਟ ਹੈ ਪਰ ਇਸ ਪਹਿਲੀ ਕੈਸਟ ਵਿਚ ਹੀ ਗਾਇਕਾਂ ਦੀ ਗੁਰਬਾਣੀ ਕੀਰਤਨ ਪ੍ਰਤੀ ਡੂੰਘੀ ਸੂਝ ਗਇਣ ਦਾ ਨਿਰੰਤਰ ਰਿਆਜ਼ ਅਤੇ ਸੁਰਤਾਲ ਦੀ ਪਕਿਆਈ ਸਰੋਤਿਆਂ ਦੇ ਸਾਹਮਣੇ ਨਿਖਰ ਕੇ ਆ ਗਈ ਹੈ। ਸਰੋਤਿਆਂ ਵਿਚ ਰਾਗ ਪ੍ਰਧਾਨ ਗਾਏ ਸ਼ਬਦਾਂ ਦੀਆਂ ਐਸੀਆਂ ਕੈਸਟਾਂ ਦੀ ਸਦਾ ਤਾਂਘ ਬਣੀ ਰਹੇਗੀ।


ਪ੍ਰੋ: ਸਤਿੰਦਰ ਜੀਤ ਕੌਰ

ਪੰਜਾਬੀ ਵਿਭਾਗ, ਖਾਲਸਾ ਕਾਲਜ ਫਾਰ ਵੂਮੈਨ ਸਿਵਲ ਲਾਈਨਜ਼

ਲੁਧਿਆਣਾ।

# ਰਿਵੀਊ ਸ਼੍ਰੋਮਣੀ ਡਾਇਰੀ 1992

## ਵਾਚਣ, ਵਰਤਣ, ਸੰਭਾਲਣ ਤੇ ਭੇਟ ਕਰਨ ਯੋਗ ਸੁਗਾਤ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਪਿਛਲੇ ਸਾਲ ਤੋਂ ਸ਼੍ਰੋਮਣੀ ਡਇਰੀ ਛਾਪਣ ਦਾ ਇਤਿਹਾਸਕ ਅਤੇ ਵਡਮੁੱਲਾ ਉੱਦਮ ਆਰੰਭ ਕੀਤਾ ਹੈ। ਸਾਲ 1992 ਦੀ ਸ਼੍ਰੋਮਣੀ ਡਾਇਰੀ ਵਿਚ ਉਚੇਰੇ ਤੇ ਉਹਨਾਂ ਇਰਿਹਾਸਕ ਅਸਥਾਨਾਂ ਦੇ ਚਿੱਤਰ ਸ਼ਾਮਿਲ ਕੀਤੇ ਗਏ ਹਨ ਜਿਹਨਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ। ਇਹਨਾਂ ਵਿਚ ਗੁਰ-ਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ, ਸਮਾਧ ਮਹਾਰਾਜਾ ਰਣਜੀਤ ਸਿੰਘ ਲਾਹੌਰ, ਗੁਰਦੁਆਰਾ ਚੂਨਾ ਮੰਡੀ ਸਾਹਿਬ ਲਾਹੌਰ, ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ ਗੁਰਦੁਆਰਾ ਸੱਚਾ ਸੌਦਾ, ਚੂਹੜਕਾਨਾ, (ਪਾਕਿ) ਆਦਿ ਪ੍ਰਮੁੱਖ ਹਨ।

ਪੰਜਾਬ ਤੋਂ ਬਾਹਰ ਦੇ ਇਤਿਹਾਸਕ ਸਥਾਨਾਂ ਦੇ ਕਈ ਚਿਤਰ ਵੀ ਪਾਠਕਾਂ ਨੂੰ ਪਹਿਲੀ ਵਾਰ ਦੇਖਣ ਨੂੰ ਮਿਲਣਗੇ। ਇਹਨਾਂ ਵਿਚ ਕਲਕੱਤਾ ਦੇ ਗੁਰਦੁਆਰਾ ਬੜਾ ਸੰਗਤ ਸਾਹਿਬ ਅਤੇ ਗੁਰਦੁਆਰਾ ਛੋਟਾ ਸਿੱਖ ਸੰਗਤ ਸਾਹਿਬ, ਪਟਨਾ ਦਾ ਗੁਰਦੁਆਰਾ ਹਾਂਡੀ ਸਾਹਿਬ, ਬਨਾਰਸ ਦੇ ਗੁਰਦੁਆਰਾ ਨੀਚੀ ਬਾਗ ਅਤੇ ਗੁਰਦੁਆਰਾ ਗੁਰੂ ਕੀ ਗੰਗਾ ਅਤੇ ਕਟਕ (ਉੜੀਸਾ) ਦਾ ਗੁਰਦੁਆਰਾ ਦਾਤਨ ਸਾਹਿਬ ਦੇ ਚਿਤਰ ਪ੍ਰਮੁੱਖ ਹਨ। ਡਾਇਰੀ ਦੇ ਅੰਤ ਵਿਚ ਅੰਗਰੇਜ਼ੀ ਅਤੇ ਪੰਜਾਬੀ ਵਿਚ ਚੋਣਵੇਂ ਇਤਿਹਾਸਕ ਦਿਹਾੜਿਆਂ ਦੀ ਸੂਚੀ ਬੜੀ ਜਾਣਕਾਰੀ ਭਰਪੂਰ ਹੈ। ਚੋਣਵੇਂ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਫੋਨ ਨੰ: ਵੀ ਇਕ ਨਿਵੇਕਲੀ ਅਤੇ ਵਡਮੁੱਲੀ ਸਮੱਗਰੀ ਹੈ।

ਇਸ ਡਾਇਰੀ ਵਿਚ ਗੁਰਦੁਆਰਾ ਸ੍ਰੀ ਦੁਖ ਨਿਵਾਰਨ ਸਾਹਿਬ, ਪਟਿਆਲਾ ਦਾ ਏਰੀਅਲ ਵਿਊ (Aerial view) ਵੀ ਸ਼ਾਮਿਲ ਹੈ। ਪ੍ਰਿੰ: ਸਤਿਬੀਰ ਸਿੰਘ ਵੱਲੋਂ ਸੰਪਾਦਿਤ ਅਤੇ ਸ: ਹਰਿੰਦਰ ਸਿੰਘ ਖਾਲਸਾ, ਸਕੱਤਰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਇਸ ਡਾਇਰੀ ਦੀ ਕੀਮਤ ਕੇਵਲ 30 ਰੁਪਏ ਹੈ। ਰੰਗਦਾਰ ਫੋਟੋਆਂ ਨਾਲ ਸਜੀ ਇਹ ਡਾਇਰੀ ਹਰੇਕ ਲਈ ਵਾਚਣ, ਵਰਤਣ, ਸੰਭਾਲਣ ਅਤੇ ਭੇਟ ਕਰਨ ਯੋਗ ਹੈ।

ਪਰ ਜਿਥੇ ਇਸ ਡਾਇਰੀ ਦੀ ਤਿਆਰੀ ਵੱਲ ਧਿਆਨ ਦਿੱਤਾ ਗਿਆ ਹੈ, ਉਥੇ ਇਸ ਦੇ ਵਿਤਰਣ ਵੱਲ ਉਚੇਰੇ ਉੱਦਮ ਕਰਨ ਦੀ ਲੋੜ ਹੈ ਤਾਂ ਜੋ ਇਹ ਸੁਗਾਤ ਘਰ ਘਰ ਪਹੁੰਚ ਸਕੇ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਵਖ-ਵਖ ਗੁਰਦੁਆਰਿਆਂ ਵਿਚ ਬਣੇ ਗੁਰਮਤਿ ਲਿਟਰੇਚਰ ਭੰਡਾਰਾਂ ਤੋਂ ਇਲਾਵਾ ਸਿੱਖ ਬੁੱਕ ਸੈਂਟਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, ਸਿੱਖ ਮਿਸ਼ਨਰੀ ਕਾਲਜ, ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਗੁਰੂ ਨਾਨਕ ਲਾਇਬਰੇਰੀ ਨਵੀਂ ਦਿੱਲੀ, ਸਿੱਖ ਰਿਵੀਊ ਕਲਕੱਤਾ ਆਦਿ ਮਿਸ਼ਨਰੀ ਜਥੇ-ਬੰਦੀਆਂ ਅਤੇ ਗੁਰਦੁਆਰਿਆਂ ਰਾਹੀਂ ਵਿਤਰਣ ਕਰਨਾ ਲਾਹੇਵੰਦ ਸਾਬਤ ਹੋ ਸਕਦਾ ਹੈ।

—ਪ੍ਰੋ. ਸਤਿੰਦਰਜੀਤ ਕੌਰ

# ਬਾਬਾ ਦੀਪ ਸਿੰਘ ਦੀ ਯਾਦ 'ਚ ਮਹਾਨ ਕੀਰਤਨ ਦਰਬਾਰ

ਜੋਗਿੰਦਰ ਸਿੰਘ ਓਬਰਾਏ

ਦੋਰਾਹਾ : ਦੇ ਦਸ਼ਮੇਸ਼ ਸੇਵਕ ਜਥੇ ਵੱਲੋਂ ਸ਼ਹੀਦ ਬਾਬਾ ਦੀਪ ਸਿੰਘ ਦੀ ਯਾਦ ਵਿਚ ਸੱਤਵਾਂ ਕੀਰਤਨ ਦਰਬਾਰ ਬੀਤੇ ਦਿਨੀਂ ਕਰਵਾਇਆ ਗਿਆ। ਰੇਲਵੇ ਰੋਡ 'ਤੇ ਉਸਾਰੇ ਗਏ ਵਿਸ਼ਾਲ ਪੰਡਾਲ ਵਿਚ ਦੋਰਾਹੇ ਤੋਂ ਇਲਾਵਾ ਆਲੇ-ਦੁਆਲੇ ਦੇ ਪਿੰਡਾਂ ਤੋਂ ਵੀ ਹਜ਼ਾਰਾਂ ਸਿੱਖ ਸੰਗਤਾਂ ਨੇ ਇਸ ਕੀਰਤਨ ਦਰਬਾਰ ਦਾ ਆਨੰਦ ਮਾਣਿਆ। ਪੰਜਾਬ ਦੇ ਚੋਟੀ ਦੇ ਕੀਰਤਨੀ ਜਥਿਆਂ ਦੇ ਵੱਡੀ ਗਿਣਤੀ ਵਿਚ ਪੁੱਜਣ ਕਰਕੇ ਸ਼ਾਮ 6 ਵਜੇ ਸ਼ੁਰੂ ਹੋਇਆ ਕੀਰਤਨ ਦਰਬਾਰ ਅਗਲੇ ਦਿਨ ਸਵੇਰੇ 7 ਵਜੇ ਤਕ ਚੱਲਿਆ।

ਸਭ ਤੋਂ ਪਹਿਲਾ ਸਥਾਨਕ ਰਾਗੀ ਜਥਿਆਂ ਭਾਈ ਆਇਆ ਸਿੰਘ ਅਤੇ ਭਾਈ ਵਿਜੈ ਸਿੰਘ ਨੇ 'ਹਾਜ਼ਰੀ ਲੁਆਈ। ਇਸ ਪਿਛੋਂ ਸੰਤ ਨਿਰੰਜਣ ਸਿੰਘ ਜਵੱਦੀ ਵਾਲਿਆਂ ਨੇ ਸ਼ਬਦ ਗਾਏ। ਭਾਈ ਸੇਵਾ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਨੇ ਸ਼ਬਦ 'ਤਿਸ ਜਨ ਕੇ ਪਗ ਨਿਤ ਪੂਜੀਐ ਮੇਰੀ ਜਿੰਦੜੀਏ, ਜੋ ਮਾਰਗ ਧਰਮ ਚਲੇ ਸੇ ਰਾਮ' ਗਾ ਕੇ ਚੰਗਾ ਰੰਗ ਬੰਨ੍ਹਿਆ। ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲਿਆਂ ਨੇ ਇਕ ਹੀ ਸ਼ਬਦ 'ਨਾਨਕ ਚਿੰਤਾ ਮਤ ਕਰੋ, ਚਿੰਤਾ ਤਿਸਹੀ ਹੇ' ਨਾਲ ਹਾਜ਼ਰੀ ਲੁਆਈ।

ਉੱਘੇ ਕੀਰਤਨੀਏ ਭਾਈ ਜਸਬੀਰ ਸਿੰਘ ਖੰਨੇ ਵਾਲਿਆਂ ਨੇ ਕੀਰਤਨ ਦੀ ਸ਼ੁਰੂਆਤ 'ਵਾਹਿਗੁਰੂ ਵਾਹਿਗੁਰੂ' ਦਾ ਲੈਅ ਮਈ ਉਚਾਰਨ ਕਰਕੇ ਕੀਤੀ ਤੇ ਸੰਗਤਾਂ ਨੂੰ ਲੰਬਾ ਸਮਾਂ ਮੰਤਰ ਮੁਗਧ ਕਰੀ ਰੱਖਿਆ। ਉਨ੍ਹਾਂ ਸ਼ਬਦਾਂ 'ਤੁਮਰੀ ਮਹਿਮਾ ਤੁਮ ਹੀ ਪ੍ਰਭ ਜਾਨਹੁ' ਦਾ ਗਾਇਨ ਕੀਤਾ। ਇਸ ਪਿੱਛੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜਥੇ ਭਾਈ ਦਵਿੰਦਰ ਸਿੰਘ ਨੇ ਬੜੀ ਸੁਰਾਲੀ ਆਵਾਜ਼ ਵਿਚ ਕਈ ਸ਼ਬਦਾਂ ਦਾ ਗਾਇਨ ਕੀਤਾ। ਉਨ੍ਹਾਂ ਮਿੱਠ ਬੋਲੜਾ ਜੀ ਹਰਿ ਸਜਣ ਸੁਆਮੀ ਮੇਰਾ', 'ਜਾ ਤੂੰ ਮੇਰੇ ਵਲ ਹੈ ਤਾ ਕਿਆ ਮੁਹਛੰਦਾ' ਅਤੇ ਤੁਝ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰ ਦਨਵਾਰੀਆ' ਸ਼ਬਦਾਂ ਦਾ ਗਾਇਨ ਕੀਤਾ। ਇਸ ਪਿਛੋਂ ਭਾਈ ਸਤਿਨਾਮ ਸਿੰਘ ਕਟਾਣਾ ਸਾਹਿਬ ਦੇ ਜਥੇ ਨੇ ਕੀਰਤਨ ਕੀਤਾ। ਉਪਰੰਤ ਭਾਈ ਦਵਿੰਦਰ ਸਿੰਘ ਸੋਧੀ ਵਲੋਂ 'ਕੋਈ ਬੁਰਾ ਕਹੇ, ਕੋਈ ਭਲਾ ਕਹੇ' ਅਤੇ 'ਸੋ ਸੁਖ ਮੋਕਉ ਸੰਤ ਬਤਾਵਹੁ, ਤ੍ਰਿਸ਼ਨਾ ਬੂਝੈ ਮਨ ਤ੍ਰਿਪਤਾਵਹੁ' ਦਾ ਰਸ ਭਿੰਨਾ ਕੀਰਤਨ ਕੀਤਾ। ਮੁਹਾਲੀ ਤੋਂ ਪੁੱਜੇ ਅਜੀਤਪਾਲ ਸਿੰਘ ਦੇ ਰਾਗੀ ਜਥੇ ਨੇ 'ਜੋ ਦੀਸੈ ਗੁਰ ਸਿਖੜਾ, ਪਿਸ ਨਿਵ ਨਿਵ ਲਾਗਹੁ ਪਾਇ ਜੀਓ' ਅਤੇ ਭਾਈ ਜਸਵਿੰਦਰ ਸਿੰਘ ਲੁਧਿਆਨਾ ਨੇ 'ਜਨ ਪਰਉਪਕਾਰੀ ਆਏ' ਸ਼ਬਦਾਂ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਭ ਤੋਂ ਅਖੀਰ ਵਿਚ ਭਾਈ ਗੁਰਮੇਜ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਦੇ ਸ਼ਬਦ ਗਾਇਨ ਦੇ ਨਾਲ ਨਾਲ ਆਸਾ ਦੀ ਵਾਰ ਦਾ ਕੀਰਤਨ ਕੀਤਾ।

ਜਥੇ ਵੱਲੋਂ ਸਾਰੀ ਰਾਤ ਚਾਹ ਅਤੇ ਲੰਗਰ ਦਾ ਵਿਸ਼ੇਸ਼ ਇੰਤਜ਼ਾਮ ਕੀਤਾ ਗਿਆ ਸੀ। ਇਸ ਤੋਂ ਇਲਾਵਾ ਡਾਕਟਰੀ ਕੈਂਪ ਵੀ ਲਾਇਆ ਗਿਆ ਜਿਥੇ ਸੈਂਕੜੇ ਲੋੜਵੰਦਾਂ ਨੇ ਦਵਾਈਆਂ ਲਈਆਂ।